## ਪੰਜਾਬ ਸਕੂਲ ਸਿੱਖਿਆ ਬੋਰਡ

ਐਡੀਸ਼ਨ 2013

All rights including those of translation, reproduction, annotation etc.
are reserved by the Punjab School Education Board.

### ਲੋੜ ਪੈਣ 'ਤੇ ਸੰਪਰਕ ਅਤੇ ਪੁੱਛ-ਗਿੱਛ ਲਈ

| | | |
|---|---|---|
| 1. | ਡਿਪਟੀ ਡਾਇਰੈਕਟਰ | 0172-3047374 |
| 2. | ਸੁਪਰਡੰਟ | 98550 16660 |
| 3. | ਸਹਾਇਕ ਭਲਾਈ ਅਫਸਰ (ਖੇਡਾਂ) | 98880-22647 |
| 4. | ਸੀਨੀ. ਪ੍ਰੋਜੈਕਟ ਅਫਸਰ (ਸੰਪਰਕ ਅੰਗਹੀਣ) | 98147 11456 |

**ਦਫ਼ਤਰ : ਇੰਨਚਾਰਜ ਫੀਲਡ ਪ੍ਰੋਗਰਾਮ**

ਫੋਨ ਨੰ. : 0172-3047374

**Published by : Secretary, Punjab School Education Board,**
Vidya Bhawan, Phase-8, (Sector 62),
Sahibzada Ajit Singh Nagar, Distt. Mohali,
Pin Code : 160 062.

Printed at : **B.B. Offset**, Chd. Ph. : 99142-28600, 99144-98602

# ਸਹਿ ਅਕਾਦਮਿਕ ਵਿੱਦਿਅਕ ਮੁਕਾਬਲੇ ਅਤੇ ਭਲਾਈ ਯੋਜਨਾਵਾਂ

# ਨਿਯਮ ਅਤੇ ਹਦਾਇਤ ਪੁਸਤਕ

# 2013-14



**ਗੁਣਾਤਮਿਕ ਸਿੱਖਿਆ ਅਤੇ ਖੇਤਰੀ ਸੇਵਾਵਾਂ**

**ਪੰਜਾਬ ਸਕੂਲ ਸਿੱਖਿਆ ਬੋਰਡ**

**ਐਸ.ਏ.ਐਸ. ਨਗਰ, ਮੋਹਾਲੀ**

## ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਆਯੋਜਿਤ ਕੀਤੇ ਜਾਣ ਵਾਲੇ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਨੂੰ ਦਿੱਤਾ ਗਿਆ ਅਕਾਦਮਿਕ ਲਾਭ ।

ਕਿਸੇ ਵੀ ਸਿੱਖਿਆ ਕ੍ਰਮ ਵਿੱਚ ਸਹਿ-ਅਕਾਦਮਿਕ ਕਿਰਿਆਵਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਹਿ-ਅਕਾਦਮਿਕ ਕਿਰਿਆਵਾਂ ਵਜੋਂ ਆਯੋਜਿਤ ਕੀਤੇ ਜਾਂਦੇ ਵਿੱਦਿਅਕ ਮੁਕਾਬਲੇ ਰਾਜ ਦੇ ਸਕੂਲੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਸਹਾਈ ਤਾਂ ਹੁੰਦੇ ਹੀ ਹਨ । ਇਸ ਦੇ ਨਾਲ ਹੀ ਇਹ ਸਾਡੇ ਵਿਰਸੇ ਅਤੇ ਸੱਭਿਆਚਾਰ ਦੇ ਰੱਖਿਅਕ ਵੀ ਹਨ ।

ਅਜਿਹੇ ਮੁਕਾਬਲਿਆਂ ਦੇ ਮਹੱਤਵ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਬੋਰਡ ਦੁਆਰਾ ਆਯੋਜਿਤ ਇਹਨਾਂ ਸੱਭਿਆਚਾਰਕ ਮੁਕਾਬਲਿਆਂ ਨੂੰ ਯੂਨੀਵਰਸਿਟੀ ਪੱਧਰ ਦੇ ਅੰਤਰ ਖੇਤਰ ਯੁਵਕ ਮੇਲਿਆਂ ਵਿੱਚ ਪ੍ਰਾਪਤੀ ਦੇ ਬਰਾਬਰ ਮੰਨਿਆ ਗਿਆ ਹੈ ਅਤੇ ਯੂਨੀਵਰਸਿਟੀ ਪੱਧਰ ਤੇ ਸਾਰੇ ਅਕਾਦਮਿਕ ਅਤੇ ਪ੍ਰੋਫੈਸ਼ਨਲ ਕੋਰਸਾਂ ਵਿੱਚ ਨਿਯਮਾਂ ਅਨੁਸਾਰ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ ।

ਇਹਨਾਂ ਹੀ ਲੀਹਾਂ ਤੇ ਸਕੂਲ ਪੱਧਰ 'ਤੇ ਵੀ ਇਹਨਾਂ ਮੁਕਾਬਲਿਆਂ ਨੂੰ ਅਕਾਦਮਿਕ ਲਾਭ ਦਿੱਤਾ ਗਿਆ ਹੈ । ਸਕੂਲ ਪੱਧਰ ਤੇ ਬੋਰਡ ਨਾਲ ਸੰਬੰਧਤ ਹਰੇਕ ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫ਼ੀਲੀਏਟਿਡ ਸੰਸਥਾ ਵਿੱਚ ਪ੍ਰਤੀ 50 ਦੀ ਗਿਣਤੀ ਪਿੱਛੇ ਕਿਸੇ ਵੀ ਸਕੂਲ ਪੱਧਰ (ਮਿਡਲ, ਮੈਟ੍ਰਿਕ, ਸੀਨੀਅਰ ਸੈਕੰਡਰੀ) ਦੀ ਪ੍ਰਵੇਸ਼ ਜਮਾਤ (ਛੇਵੀਂ, ਨੌਂਵੀ, ਗਿਆਰ੍ਹਵੀਂ) ਵਿੱਚ ਬੋਰਡ ਵੱਲੋਂ ਪ੍ਰਵਾਨਿਤ ਸੀਟਾਂ ਤੋਂ ਇਲਾਵਾ ਇੱਕ ਵਾਧੂ ਸੀਟ ਬੋਰਡ ਦੁਆਰਾ ਆਯੋਜਿਤ ਵਿੱਦਿਅਕ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਉਹਨਾਂ ਦੀ ਪ੍ਰਾਪਤੀ-ਕ੍ਰਮ ਅਨੁਸਾਰ ਰਾਖਵੀਂ ਕੀਤੀ ਗਈ ਹੈ ।

## ਅਪੰਗ ਵਿਦਿਆਰਥੀਆਂ ਲਈ ਵਿਤੀ ਸਹਾਇਤਾ ਦੇ ਨਿਯਮ/ਹਦਾਇਤਾਂ

ਰਾਜ ਦੇ ਸਰਕਾਰੀ/ਏਡਿਡ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਨਾਲ ਐਫ਼ੀਲੀਏਟਿਡ ਸਕੂਲਾਂ ਦੇ ਰੈਗੂਲਰ ਅਪੰਗ ਵਿਦਿਆਰਥੀਆਂ ਦੇ ਵਿੱਦਿਅਕ ਵਿਕਾਸ ਲਈ ਬੋਰਡ ਦੁਆਰਾ ਵਿਸ਼ੇਸ਼ ਵਿਤੀ ਸਹਾਇਤਾ ਦੇਣ ਦਾ ਉਪਬੰਧ ਹੈ । ਇਸ ਸੰਬੰਧੀ ਯੋਗ ਵਿਦਿਆਰਥੀਆਂ ਦੀ ਪ੍ਰਤੀ ਬੇਨਤੀ ਸਕੂਲ ਮੁਖੀ ਵੱਲੋਂ ਮਿਤੀ 30-11-2013 ਤੱਕ ਉਪ ਡਾਇਰੈਕਟਰ (ਗ.ਸ.ਖ.ਸ.) ਸੱਤਵੀਂ ਮੰਜ਼ਿਲ ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੋਹਾਲੀ ਨੂੰ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਹਦਾਇਤ ਪੁਸਤਕ ਦੇ ਅੰਤ ਵਿੱਚ ਨੱਥੀ ਪ੍ਰੋਫਾਰਮੇ (ਐਫ.ਪੀ.-1) ਉੱਤੇ ਭੇਜ ਸਕਦੇ ਹਨ । ਫਾਰਮ ਅਫ-ਪੀ-1 ਉੱਤੇ ਵਿਦਿਆਰਥੀ/ਸਕੂਲ ਦਾ ਨਾਂ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਵੀ ਜ਼ਰੂਰ ਲਿਖਿਆ ਜਾਵੇ।

1. ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫ਼ੀਲਿਏਟਿਡ ਸਕੂਲਾਂ ਵਿੱਚ ਪੜ੍ਹਦੇ ਰੈਗੂਲਰ ਅਪੰਗ ਵਿਦਿਆਰਥੀਆਂ ਨੂੰ ਹੀ ਇਹ ਵਿੱਤੀ ਸਹਾਇਤਾ ਦਿੱਤੀ ਜਾਵੇਗੀ । ਇਸ ਦੇ ਸਬੂਤ ਵਜੋਂ ਦਾਖ਼ਲਾ ਖਾਰਜ ਰਜ਼ਿਸਟਰ ਦੀ ਤਸਦੀਕ ਸ਼ੁਧਾ ਕਾਪੀ ਜ਼ਰੂਰੀ ਹੈ ।
2. ਨੇਤਰਹੀਣ, ਗੁੰਗੇ ਅਤੇ ਬੋਲੇ ਵਿਦਿਆਰਥੀ ਵੀ ਇਹ ਸਹਾਇਤਾ ਲੈ ਸਕਦੇ ਹਨ ।
3. ਅਪੰਗਤਾ ਦੀ ਪ੍ਰਤੀਸ਼ਤਾ 40% ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ । 40 ਪ੍ਰਤੀਸ਼ਤ ਤੋਂ ਘੱਟ ਅਪੰਗਤਾ ਵਾਲੇ ਵਿਦਿਆਰਥੀ ਨੂੰ ਇਹ ਸਹਾਇਤਾ ਨਹੀਂ ਦਿੱਤੀ ਜਾਵੇਗੀ । ਸਕੂਲ ਮੁਖੀ ਤੋਂ ਤਸਦੀਕ ਫ਼ਾਰਮ ਅਤੇ ਡਾਕਟਰੀ ਸਰਟੀਫਿਕੇਟ ਦੇ ਆਧਾਰ 'ਤੇ ਹੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ । ਡਾਕਟਰੀ ਸਰਟੀਫਿਕੇਟ ਦੀ ਕਾਪੀ ਸਕੂਲ ਮੁਖੀ ਤੋਂ ਤਸਦੀਕ ਨਾ ਹੋਣ ਦੀ ਸੂਰਤ ਵਿੱਚ, ਕੇਸ ਅਦਾਇਗੀ ਲਈ ਨਹੀਂ ਵਿਚਾਰਿਆ ਜਾਵੇਗਾ ।
4. ਅਪੰਗਤਾ ਸੰਬੰਧੀ ਸਰਟੀਫਿਕੇਟ ਅਸਿਸਟੈਂਟ ਸਿਵਲ ਸਰਜਨ / ਐਸ. ਐਮ. ਓ., ਪੀ.ਸੀ.ਐਮ./ਐੱਮ.ਡੀ. ਆਰਥੋਪੈਡਿਕ ਸਰਜਨ ਵੱਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ ।
5. ਵਿੱਤੀ ਸਹਾਇਤਾ ਦੀ ਦਰ ਵਿਦਿਆਰਥੀਆਂ ਦੇ ਫ਼ਾਰਮ ਸਕੂਲ ਮੁਖੀ ਰਾਹੀਂ ਪ੍ਰਾਪਤ ਹੋਣ ਉਪਰੰਤ ਨਿਸ਼ਚਿਤ ਕੀਤੀ ਜਾਵੇਗੀ । ਅਪੰਗਤਾ ਦਾ ਸਰਟੀਫਿਕੇਟ ਮੁਹਰ ਲਗਾ ਕੇ ਸਕੂਲ ਮੁਖੀ ਤੋਂ ਤਸਦੀਕ ਕਰਵਾ ਕੇ ਭੇਜਿਆ ਜਾਵੇ, ਮੁਹਰ ਉੱਪਰ ਹਸਤਾਖ਼ਰ ਜ਼ਰੂਰੀ ਹਨ ।
6. ਵਿਤੀ ਸਹਾਇਤਾ ਸਕੂਲ ਮੁਖੀ ਰਾਹੀਂ ਪ੍ਰਦਾਨ ਕੀਤੀ ਜਾਵੇਗੀ । ਸਕੂਲ ਮੁਖੀ ਹੀ ਵਿਦਿਆਰਥੀ ਨੂੰ ਪ੍ਰਾਪਤ ਰਾਸ਼ੀ ਦੇਵੇਗਾ ਅਤੇ ਬੋਰਡ ਨੂੰ ਇਸ ਬਾਰੇ ਲਿਖਤੀ ਸਰਟੀਫਿਕੇਟ (ਜੋ ਕਿ ਚੈਕੱ ਭੇਜਣ ਸਮੇਂ ਨਾਲ ਨੱਥੀ ਹੋਵੇਗਾ) ਭੇਜੇਗਾ ।
7. ਇਸ ਵਜ਼ੀਫੇ ਲਈ ਕਿਸੇ ਹੋਰ ਸੰਸਥਾ ਤੋਂ ਮਿਲਣ ਵਾਲੀ ਕਿਸੇ ਪ੍ਰਕਾਰ ਦੀ ਸਹਾਇਤਾ ਜਾਂ ਮਾਪਿਆਂ ਦੀ ਸਾਲਾਨਾ ਆਮਦਨ ਕੋਈ ਰੁਕਾਵਟ ਨਹੀਂ ਹੋਵੇਗੀ ।
8. ਸਮੇਂ ਸਿਰ ਪ੍ਰਾਪਤ ਨਾ ਹੋਣ ਵਾਲੇ ਫ਼ਾਰਮਾਂ ਨੂੰ ਸਹਾਇਤਾ ਲਈ ਨਹੀਂ ਵਿਚਾਰਿਆ ਜਾਵੇਗਾ ।

# ਪੰਜਾਬ ਸਕੂਲ ਸਿੱਖਿਆ ਬੋਰਡ

## ਗੁਣਾਤਮਿਕ ਸਿੱਖਿਆ ਅਤੇ ਖੇਤਰੀ ਸੇਵਾਵਾਂ ਸ਼ਾਖਾ ਵੱਲੋਂ ਆਯੋਜਿਤ

## ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ ਅਤੇ ਭਲਾਈ ਯੋਜਨਾਵਾਂ

## ਸੈਸ਼ਨ 2013-14

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਣ ਵਾਲੇ ਸਹਿ-ਅਕਾਦਮਿਕ-ਮੁਕਾਬਲਿਆਂ ਦੇ ਕੁੱਲ ਤਿੰਨ ਪੱਧਰ ਹੋਣਗੇ । (1) ਜ਼ਿਲ੍ਹਾ-ਪੱਧਰ (2) ਖੇਤਰ-ਪੱਧਰ (3) ਰਾਜ-ਪੱਧਰ । ਇਹ ਮੁਕਾਬਲੇ ਤਿੰਨ ਵਰਗਾਂ ਵਿੱਚ ਕਰਵਾਏ ਜਾਣਗੇ । ਇਹਨਾਂ ਨੂੰ ਸਚਾਰੂ ਢੰਗ ਨਾਲ ਕਰਵਾਉਣ ਲਈ ਪੰਜਾਬ ਦੇ 22 ਜ਼ਿਲ੍ਹਿਆਂ ਨੂੰ ਚਾਰ ਖੇਤਰਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਦਾ ਵੇਰਵਾ 'ਨਿਯਮ ਅਤੇ ਹਦਾਇਤ ਪੁਸਤਕ' ਵਿੱਚ ਅੱਗੇ ਦਿੱਤਾ ਗਿਆ ਹੈ :-

### 1. ਵਰਗ ਅਨੁਸਾਰ ਮੁਕਾਬਲਿਆਂ ਦਾ ਵੇਰਵਾ :-

**1. ਪਹਿਲਾ ਵਰਗ (ਪਹਿਲੀ ਤੋਂ ਪੰਜਵੀਂ ਜਮਾਤ ਤੱਕ) (ਉਮਰ 5 ਤੋਂ 11 ਸਾਲ ਤੱਕ)**

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ ਲਿਖਾਈ (4) ਚਿੱਤਰਕਲਾ (5) ਸੋਲੋ-ਡਾਂਸ (6) ਲੋਕ-ਗੀਤ/ਗੀਤ ।

**ਮੁੱਖ ਤਬਦੀਲੀ :** ਪਹਿਲੇ ਵਰਗ ਦੇ ਮੁਕਾਬਲੇ ਬਲਾਕ-ਪੱਧਰ 'ਤੇ ਨਹੀਂ ਹੋਣਗੇ । ਇਹ ਮੁਕਾਬਲੇ ਸਿੱਧੇ/ਜ਼ਿਲ੍ਹਾ ਪੱਧਰ ਤੇ ਕਰਵਾਏ ਜਾਣਗੇ। ਸੁੰਦਰ-ਲਿਖਾਈ ਅਤੇ ਚਿੱਤਰਕਲਾ ਦੇ ਮੁਕਾਬਲੇ ਸਿੱਧੇ ਖੇਤਰ ਪੱਧਰ 'ਤੇ ਕਰਵਾਏ ਜਾਣਗੇ ।

### 2. ਦੂਜਾ ਵਰਗ (ਛੇਵੀਂ ਤੋਂ ਅੱਠਵੀਂ ਜਮਾਤ ਤੱਕ) (ਉਮਰ 11 ਤੋਂ 14 ਸਾਲ ਤੱਕ)

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ-ਲਿਖਾਈ (4) ਚਿੱਤਰਕਲਾ (5) ਸੋਲੋ-ਡਾਂਸ (6) ਲੋਕ-ਗੀਤ/ਗੀਤ (7) ਆਮ-ਗਿਆਨ (8) ਕਵੀਸ਼ਰੀ (9) ਵਾਰ-ਗਾਇਨ (10) ਕਵਿਤਾ-ਉਚਾਰਨ (11) ਪੰਜਾਬੀ ਲੋਕ-ਨਾਚ ਭੰਗੜਾ-ਮੁੰਡਿਆਂ ਲਈ (12) ਪੰਜਾਬੀ ਲੋਕ-ਨਾਚ ਗਿੱਧਾ-ਕੁੜੀਆਂ ਲਈ।

**ਮੁੱਖ ਤਬਦੀਲੀ :** ਸੁੰਦਰ-ਲਿਖਾਈ, ਚਿੱਤਰਕਲਾ, ਵਾਰ-ਗਾਇਨ, ਕਵੀਸ਼ਰੀ, ਆਮ-ਗਿਆਨ, ਪੰਜਾਬੀ ਲੋਕ-ਨਾਚ ਭੰਗੜਾ ਮੁੰਡਿਆ ਲਈ ਅਤੇ ਪੰਜਾਬੀ ਲੋਕ-ਨਾਚ ਗਿੱਧਾ ਕੁੜੀਆਂ ਲਈ, ਸਿੱਧੇ ਤੌਰ 'ਤੇ ਖੇਤਰ ਪੱਧਰ 'ਤੇ ਕਰਵਾਏ ਜਾਣਗੇ। ਜ਼ਿਲ੍ਹਾ-ਪੱਧਰ 'ਤੇ ਬਾਕੀ ਦੇ ਪੰਜ ਮੁਕਾਬਲੇ ਦਰਸਾਏ ਆਯੋਜਨ ਕੇਂਦਰਾਂ 'ਤੇ ਹੀ ਕਰਵਾਏ ਜਾਣਗੇ ।

### 3. ਤੀਜਾ ਵਰਗ (ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ) (ਉਮਰ 14 ਤੋਂ 19 ਸਾਲ ਤੱਕ)

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ-ਲਿਖਾਈ (4) ਚਿੱਤਰਕਲਾ (5) ਲੋਕ-ਗੀਤ/ਗੀਤ (6) ਆਮ-ਗਿਆਨ (7) ਕਵੀਸ਼ਰੀ (8) ਵਾਰ-ਗਾਇਨ (9) ਕਵਿਤਾ ਉਚਾਰਨ (10) ਮੌਲਿਕ ਲਿਖਤ (11) ਪੰਜਾਬੀ ਲੋਕ-ਨਾਚ ਭੰਗੜਾ (12) ਮਲਵਈ ਗਿੱਧਾ - ਮੁੰਡਿਆਂ ਲਈ (13) ਪੰਜਾਬੀ ਲੋਕ-ਨਾਚ ਗਿੱਧਾ- (14) ਸੰਮੀ ਕੁੜੀਆਂ ਲਈ (15) ਇਕਾਂਗੀ (16) ਗਤਕਾ-ਮੁੰਡਿਆ ਲਈ (17) ਗਤਕਾ-ਕੁੜੀਆਂ ਲਈ ।

**ਮੁੱਖ ਤਬਦੀਲੀ** : ਤੀਜੇ ਵਰਗ ਦੇ ਕੁੱਲ 17 ਮੁਕਾਬਲਿਆਂ ਵਿੱਚੋਂ ਮੌਲਿਕ ਲਿਖਤ, ਵਾਰ-ਗਾਇਨ, ਕਵੀਸ਼ਰੀ, ਸੁੰਦਰ ਲਿਖਾਈ, ਚਿੱਤਰਕਲਾ, ਆਮ -ਗਿਆਨ, ਪੰਜਾਬੀ ਲੋਕ-ਨਾਚ ਭੰਗੜਾ -ਮੁਡਿਆਂ ਲਈ, ਪੰਜਾਬੀ ਲੋਕ-ਨਾਚ ਗਿੱਧਾ -ਕੁੜੀਆਂ ਲਈ ਇਕਾਂਗੀ ਅਤੇ ਗਤਕਾ ਸਿੱਧੇ ਖੇਤਰ 'ਤੇ ਕਰਵਾਏ ਜਾਣਗੇ। ਰਾਜ ਪੱਧਰ ਤੇ ਸਿੱਧੇ ਤੌਰ ਤੇ ਕੁੜੀਆਂ ਦਾ ਗਤਕਾ, ਕੁੜੀਆਂ ਲਈ ਸੰਮੀ ਅਤੇ ਮੁੰਡਿਆਂ ਲਈ ਮਲਵਈ ਗਿੱਧਾ ਕਰਵਾਇਆ ਜਾਵੇਗਾ।

## 4. ਉਮਰ ਦੀ ਸੀਮਾ :

ਉਮਰ ਦੀ ਸੀਮਾ ਮੁਕਾਬਲੇ ਵਾਲੇ ਸਾਲ 31 ਅਕਤੂਬਰ ਤੱਕ ਪੂਰੀ ਹੋਣੀ ਚਾਹੀਦੀ ਹੈ। ਜੇ ਉਮਰ ਦੀ ਉਪਰਲੀ ਹੱਦ ਘਟਦੀ ਹੋਵੇ ਤਾਂ ਉਸ ਨੂੰ ਇੱਕ ਮਹੀਨੇ ਦੀ ਛੋਟ ਦਿੱਤੀ ਜਾ ਸਕਦੀ ਹੈ। ਇਸ ਸੰਬੰਧੀ ਪ੍ਰਤੀ ਬੇਨਤੀ 20 ਜੁਲਾਈ ਤੱਕ ਡਿਪਟੀ ਡਾਇਰੈਕਟਰ, ਫੀਲਡ ਪ੍ਰੋਗਰਾਮ ਨੂੰ ਭੇਜੀ ਜਾ ਸਕਦੀ ਹੈ।

## 5. ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਵਿਧੀ :

### (ੳ) ਪ੍ਰਵੇਸ਼-ਕਮ-ਰਜਿਸਟਰੇਸ਼ਨ ਫ਼ਾਰਮ- (ਤਿੰਨੇ ਵਰਗਾਂ ਲਈ)

ਕਿਸੇ ਵੀ ਸਕੂਲ ਮੁਖੀ ਵੱਲੋਂ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਰੁਚੀ ਅਤੇ ਕਾਬਲੀਅਤ ਨੂੰ ਧਿਆਨ ਵਿੱਚ ਰੱਖ ਕੇ 'ਨਿਯਮ ਅਤੇ ਹਦਾਇਤ ਪੁਸਤਕ' ਵਿੱਚ ਦਰਜ ਹਦਾਇਤਾਂ ਅਨੁਸਾਰ ਜ਼ਿਲ੍ਹਾ-ਪੱਧਰ ਦੇ ਮੁਕਾਬਲਿਆਂ ਲਈ ਇੱਕ ਵਿਦਿਆਰਥੀ/ਟੀਮ ਦਾ ਪੂਰਾ ਵੇਰਵਾ ਅਤੇ ਆਪਣੇ ਸਕੂਲ ਦਾ ਪੂਰਾ ਪਤਾ ਜ਼ਿਲ੍ਹਾ ,ਪ੍ਰਿੰਸੀਪਲ ਦਾ ਮੋਬਾਇਲ ਨੰਬਰ ਅਤੇ ਸਕੂਲ ਦਾ ਫੋਨ ਨੰਬਰ ਫ਼ਾਰਮ ਵਿੱਚ ਦਰਜ ਕੀਤਾ ਜਾਣਾ ਜ਼ਰੂਰੀ ਹੈ। ਅੰਤ ਵਿੱਚ ਲੱਗੇ ਪ੍ਰਵੇਸ਼-ਕਮ-ਰਜਿਸਟਰੇਸ਼ਨ ਫ਼ਾਰਮ (ਐਫ਼.ਪੀ.-2), ਹਰ ਪੱਖੋਂ ਮੁਕੰਮਲ ਕਰਕੇ ਦੋ ਪੜ੍ਹਤਾਂ ਵਿੱਚ ਭਰਿਆ ਜਾਵੇਗਾ। ਇਸ ਫ਼ਾਰਮ ਦੀ ਇੱਕ ਪੜ੍ਹਤ ਉਪ ਡਾਇਰੈਕਟਰ (ਗੁਣਾਤਮਿਕ ਸਿੱਖਿਆ ਤੇ ਖੇਤਰੀ ਸੇਵਾਵਾਂ) ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਮੁਹਾਲੀ ਨੂੰ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਪਹੁੰਚਾਏ ਜਾਣੇ ਜ਼ਰੂਰੀ ਹਨ। 'ਹਦਾਇਤ ਪੁਸਤਕ' ਦੇ ਅੰਤ ਵਿੱਚ ਦਰਜ ਅਸਲ ਪ੍ਰਵੇਸ਼-ਫ਼ਾਰਮ ਭਰ ਕੇ ਆਪਣੇ ਜ਼ਿਲ੍ਹੇ ਨਾਲ ਸੰਬੰਧਤ ਆਯੋਜਨ ਕੇਂਦਰ ਮੁਖੀ ਨੂੰ ਭੇਜਿਆ ਜਾਵੇ। ਇਹ ਪ੍ਰਵੇਸ਼ ਫ਼ਾਰਮ ਮੁਕਾਬਲੇ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਸੰਬੰਧਤ ਥਾਵਾਂ ਤੇ ਪਹੁੰਚਾਏ ਜਾਣੇ ਜ਼ਰੂਰੀ ਹਨ। ਤੀਜੀ ਪੜ੍ਹਤ, ਮੁਕਾਬਲੇ ਦੇ ਸਮੇਂ ਵਿਦਿਆਰਥੀ/ਟੀਮ ਦੀ ਰਜਿਸਟਰੇਸ਼ਨ ਸਮੇਂ ਪੇਸ਼ ਕੀਤੀ ਜਾਵੇ। ਹਰੇਕ ਵਰਗ ਲਈ ਮੁਕਾਬਲਾ-ਵਾਰ ਵੱਖ-ਵੱਖ ਪ੍ਰਵੇਸ਼-ਕਮ-ਰਜਿਸਟਰੇਸ਼ਨ-ਫ਼ਾਰਮ ਭਰ ਕੇ ਭੇਜੇ ਜਾਣਗੇ। ਫ਼ਾਰਮ ਵਿੱਚ ਨਿਸ਼ਚਿਤ ਸਥਾਨ ਤੇ ਵਿਦਿਆਰਥੀ ਦੀ ਸਟੈਂਪ ਸਾਈਜ਼ ਤਸਦੀਕ ਸ਼ੁਦਾ ਫੋਟੋ ਚਿਪਕਾਈ ਜਾਣੀ ਜ਼ਰੂਰੀ ਹੈ।

ਅਧੂਰੇ ਅਤੇ ਦੇਰ ਨਾਲ ਪ੍ਰਾਪਤ ਹੋਏ ਫ਼ਾਰਮਾਂ ਸੰਬੰਧੀ ਅਯੋਜਨ ਕੇਂਦਰ ਮੁਖੀ ਹਾਲਾਤ ਵਾਚਣ ਉਪਰੰਤ ਆਪਣੀ ਪੱਧਰ 'ਤੇ ਯੋਗ ਨਿਰਨਾ ਲੈ ਸਕਦੇ ਹਨ।

**ਨੋਟ** : ਇਹਨਾਂ ਮੁਕਾਬਲਿਆਂ ਵਿੱਚ ਪੰਜਾਬ ਰਾਜ ਦੇ ਸਰਕਾਰੀ, ਏਡਿਡ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫ਼ੀਲੀਏਟਿਡ ਸਕੂਲਾਂ ਦੇ ਰੈਗੂਲਰ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ।

## 6. ਰਜਿਸਟਰੇਸ਼ਨ :-

ਜ਼ਿਲ੍ਹਾ, ਖੇਤਰ ਅਤੇ ਰਾਜ-ਪੱਧਰ ਦੇ ਮੁਕਾਬਲਿਆਂ ਦੀ/ਵਰਗ ਵਾਰ, ਰਜਿਸਟਰੇਸ਼ਨ ਨਿਸ਼ਚਿਤ ਮਿਤੀਆਂ ਵਾਲੇ ਦਿਨ ਸਵੇਰੇ 10.00 ਵਜੇ ਤੱਕ ਸੰਬੰਧਤ ਆਯੋਜਨ ਕੇਂਦਰਾਂ ਵਿੱਚ ਕੀਤੀ ਜਾਵੇਗੀ। ਇਸ ਤੋਂ

ਬਾਅਦ ਪਹੁੰਚਣ ਵਾਲੇ ਵਿਦਿਆਰਥੀ/ਟੀਮ ਨੂੰ ਕਿਸੇ ਵੀ ਮੁਕਾਬਲੇ ਵਿੱਚ ਭਾਗ ਲੈਣ ਦੀ ਆਗਿਆ ਨਹੀਂ ਹੋਵੇਗੀ। ਸੰਬੰਧਤ ਟੀਮਾਂ/ ਵਿਦਿਆਰਥੀਆਂ ਨੂੰ ਆਯੋਜਨ ਕੇਂਦਰ 'ਚ ਸਮੇਂ ਸਿਰ ਪਹੁੰਚਾਉਣ ਦੀ ਜ਼ੁੰਮੇਵਾਰੀ ਟੀਮ ਮੁਖੀ/ ਸਕੂਲ ਮੁਖੀ ਦੀ ਹੋਵੇਗੀ।

ਰਾਜ-ਪੱਧਰ :- ਰਾਜ-ਪੱਧਰ 'ਤੇ ਰਜਿਸਟਰੇਸ਼ਨ ਹਰ ਹਾਲਤ ਵਿੱਚ 10.30 ਵਜੇ ਤੱਕ ਜ਼ਰੂਰੀ ਕਰਵਾਉਣੀ ਹੋਵੇਗੀ। ਕਿਸੇ ਮਜਬੂਰੀ ਕਾਰਨ ਲੇਟ ਹੋਣ 'ਤੇ ਪੇਸ਼ਕਾਰੀ ਕਰਵਾਉਣ ਦਾ ਅਧਿਕਾਰ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਕੋਲ਼ ਹੋਵੇਗਾ।

## 7. ਮੁਕਾਬਲਿਆਂ ਦੀਆਂ ਮਿਤੀਆਂ - :

## (ੳ) ਜ਼ਿਲ੍ਹਾ-ਪੱਧਰ :

ਜ਼ਿਲ੍ਹਾ, ਖੇਤਰ ਅਤੇ ਰਾਜ-ਪੱਧਰ 'ਤੇ ਮੁਕਾਬਲਿਆਂ ਦੀਆਂ ਮਿਤੀਆਂ ਅਤੇ ਰੂਟ

**ਜ਼ਿਲ੍ਹਾ-ਪੱਧਰ ਲਈ ਪਹਿਲਾ ਰੂਟ :-** ਮਿਤੀ 23, 24 ਅਤੇ 25 ਜੁਲਾਈ 2013 (ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਫਤਿਹਗੜ੍ਹ ਸਾਹਿਬ, ਐਸ.ਏ.ਐਸ. ਨਗਰ, ਫਰੀਦਕੋਟ, ਮੁਕਤਸਰ, ਮੋਗਾ)

**ਜ਼ਿਲ੍ਹਾ-ਪੱਧਰ ਲਈ ਦੂਜਾ ਰੂਟ :-** ਮਿਤੀ 6,7, ਅਤੇ 8 ਅਗਸਤ, 2013 (ਬਠਿੰਡਾ, ਪਟਿਆਲਾ, ਜਲੰਧਰ, ਫਾਜ਼ਿਲਕਾ, ਸ਼ਹੀਦ ਭਗਤ ਸਿੰਘ ਨਗਰ, ਫਿਰੋਜ਼ਪੁਰ, ਰੋਪੜ)

**ਜ਼ਿਲ੍ਹਾ-ਪੱਧਰ ਲਈ ਤੀਜਾ ਰੂਟ :-** ਮਿਤੀ 20, 21 ਅਤੇ 22 ਅਗਸਤ, 2013 (ਬਰਨਾਲਾ, ਸੰਗਰੂਰ, ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ, ਮਾਨਸਾ)

**ਅ) ਖੇਤਰ-ਪੱਧਰ ਲਈ :-** ਮਿਤੀ 22, 23 ਅਤੇ 24 ਅਕਤੂਬਰ 2013

## (ੲ) ਰਾਜ-ਪੱਧਰ ਲਈ

| | |
|---|---|
| ਪਹਿਲਾ ਵਰਗ | 26-11-2013 |
| ਦੂਜਾ ਵਰਗ | 27-11-2013 |
| ਤੀਜਾ ਵਰਗ | 28-11-2013 |

## (ਸ) ਵੱਖ-ਵੱਖ ਖੇਤਰਾਂ ਵਿੱਚ ਆਉਂਦੇ ਜ਼ਿਲ੍ਹਿਆਂ ਦਾ ਵੇਰਵਾ :-

| **ਖੇਤਰ** | **ਜ਼ਿਲ੍ਹੇ** |
|---|---|
| ਅੰਮ੍ਰਿਤਸਰ | ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਤਰਨਤਾਰਨ, ਪਠਾਨਕੋਟ |
| ਬਠਿੰਡਾ | ਫਰੀਦਕੋਟ, ਮੁਕਤਸਰ, ਬਠਿੰਡਾ, ਸੰਗਰੂਰ, ਮਾਨਸਾ, ਫਾਜ਼ਿਲਕਾ |
| ਐਸ.ਏ.ਐਸ. ਨਗਰ | ਪਟਿਆਲਾ, ਫਤਿਹਗੜ੍ਹ ਸਾਹਿਬ, ਐਸ.ਏ.ਐਸ. ਨਗਰ, ਸ਼ਹੀਦ ਭਗਤ ਸਿੰਘ ਨਗਰ, ਰੋਪੜ |

ਜਲੰਧਰ ਜਲੰਧਰ, ਲੁਧਿਆਣਾ, ਫਿਰੋਜ਼ਪੁਰ, ਮੋਗਾ, ਬਰਨਾਲਾ, ਹੁਸ਼ਿਆਰਪੁਰ

## 8. ਆਯੋਜਨ ਵਿਧੀ :

### (ੳ) ਜ਼ਿਲ੍ਹਾ-ਪੱਧਰ :

(I) ਇਹ ਮੁਕਾਬਲੇ 'ਨਿਯਮ ਅਤੇ ਹਦਾਇਤ ਪੁਸਤਕ' ਵਿੱਚ ਦਰਜ ਆਯੋਜਨ ਕੇਂਦਰਾਂ ਵਿਖੇ ਨਿਸ਼ਚਿਤ ਮਿਤੀਆਂ ਅਨੁਸਾਰ ਬੋਰਡ ਵੱਲੋਂ ਕਰਵਾਏ ਜਾਣਗੇ ।

(II) ਹਰੇਕ ਜ਼ਿਲ੍ਹੇ ਵਿੱਚ ਇਹਨਾਂ ਮੁਕਾਬਲਿਆਂ ਦੇ ਸੁਚੱਜੇ ਆਯੋਜਨ / ਪ੍ਰਬੰਧ ਲਈ ਬੋਰਡ ਵੱਲੋਂ ਦਫ਼ਤਰ ਦਾ ਇੱਕ ਅਧਿਕਾਰੀ ਅਤੇ ਇੱਕ ਕਰਮਚਾਰੀ ਨਿਯੁਕਤ ਕੀਤਾ ਜਾਵੇਗਾ ।

(III) ਜ਼ਿਲ੍ਹਾ-ਪੱਧਰ 'ਤੇ ਹਰੇਕ ਮੁਕਾਬਲੇ ਵਿੱਚ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ/ ਟੀਮਾਂ ਖੇਤਰ-ਪੱਧਰ 'ਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੇ।

(IV) ਅਯੋਜਨ ਕੇਂਦਰ ਮੁਖੀ ਜੇਤੂ ਵਿਦਿਆਰਥੀ /ਟੀਮਾਂ ਨੂੰ ਖੇਤਰ 'ਤੇ ਭਾਗ ਲੈਣ ਲਈ ਆਰਜ਼ੀ ਸਰਟੀਫ਼ਿਕੇਟ ਜਾਰੀ ਕਰਨਗੇ ।

### (ਅ) ਖੇਤਰ-ਪੱਧਰ :

ਖੇਤਰ-ਪੱਧਰ 'ਤੇ ਹੋਣ ਵਾਲੇ ਮੁਕਾਬਲਿਆਂ ਦੀ ਐਂਟਰੀ ਸਿੱਧੀ ਖੇਤਰ-ਪੱਧਰ 'ਤੇ ਹੀ ਹੋਵੇਗੀ ਅਤੇ ਰਜਿਸਟ੍ਰੇਸ਼ਨ ਫ਼ਾਰਮ ਆਯੋਜਨ ਕੇਂਦਰਾਂ ਅਤੇ ਬੋਰਡ ਦੇ ਦਫ਼ਤਰ ਵਿੱਚ 15 ਅਕਤੂਬਰ ਤੱਕ ਹਰ ਹਾਲ ਵਿੱਚ ਭੇਜੇ ਜਾਣ।

### (ੲ) ਰਾਜ-ਪੱਧਰ :

(I) ਰਾਜ-ਪੱਧਰ ਦੇ ਮੁਕਾਬਲੇ ਹਦਾਇਤ ਪੁਸਤਕ ਵਿੱਚ ਦਰਜ ਮਿਤੀਆਂ ਅਨੁਸਾਰ ਮੁਹਾਲੀ ਵਿਖੇ ਆਯੋਜਿਤ ਕਰਵਾਏ ਜਾਣਗੇ । ਜੇਕਰ ਇਸ ਸੰਬੰਧੀ ਕੋਈ ਸੋਧ/ ਤਬਦੀਲੀ ਬੋਰਡ ਵੱਲੋਂ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਵੇਰਵੇ ਸਹਿਤ ਖੇਤਰ ਵਿੱਚ ਦੇ ਦਿੱਤੀ ਜਾਵੇਗੀ ।

(II) ਹਰ ਮੁਕਾਬਲੇ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਅਤੇ ਵਿਦਿਆਰਥੀ ਰਾਜ-ਪੱਧਰ 'ਤੇ ਭਾਗ ਲੈ ਸਕਦੇ ਹਨ । ਇਕਾਂਗੀ ਅਤੇ ਗੱਤਕਾ ਮੁਕਾਬਲੇ ਦੀ ਪਹਿਲਾ ਅਤੇ ਦੂਜਾ ਸਥਾਨ ਹਾਸਲ ਕਰਨ ਵਾਲੀ ਟੀਮ ਹੀ ਰਾਜ-ਪੱਧਰ 'ਤੇ ਭਾਗ ਲਵੇਗੀ।

## 9. ਆਮ ਨਿਯਮ :

I. ਇੱਕ ਸਕੂਲ, ਪ੍ਰਤੀ ਮੁਕਾਬਲਾ ਕੇਵਲ ਇੱਕ ਹੀ ਵਿਦਿਆਰਥੀ/ਟੀਮ ਮੁਕਾਬਲੇ ਵਿੱਚ ਭਾਗ ਲੈਣ ਲਈ ਭੇਜ ਸਕਦਾ ਹੈ ਭਾਵ ਇੱਕ ਸਕੂਲ ਦਾ ਕੋਈ ਵਿਦਿਆਰਥੀ ਇੱਕ ਤੋਂ ਵੱਧ ਮੁਕਾਬਲਿਆਂ ਵਿੱਚ ਭਾਗ ਨਹੀਂ ਲੈ ਸਕਦਾ ।

II. ਸਕੂਲਾਂ ਵੱਲੋਂ ਬੋਰਡ ਨੂੰ ਭੇਜੇ ਗਏ ਪ੍ਰਵੇਸ਼ -ਕਮ-ਰਜਿਸਟਰੇਸ਼ਨ ਫ਼ਾਰਮ ਵਿੱਚ ਦਰਜ ਵਿਦਿਆਰਥੀਆਂ/ ਟੀਮਾਂ ਦੀ ਕਿਸੇ ਪੱਧਰ 'ਤੇ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ ।

III. ਟੀਮ/ਵਿਦਿਆਰਥੀ ਨਾਲ ਭੇਜੇ ਗਏ ਅਧਿਆਪਕ ਲਈ ਆਯੋਜਕਾਂ ਵੱਲੋਂ ਮੰਗ ਕਰਨ ਤੇ ਆਪਣਾ

ਰੰਗੀਨ ਪਛਾਣ-ਪੱਤਰ/ਸਕੂਲ ਮੁਖੀ ਵੱਲੋਂ ਜਾਰੀ 'ਅਥਾਰਟੀ ਪੱਤਰ' ਵਿਖਾਉਣਾ ਲਾਜ਼ਮੀ ਹੋਵੇਗਾ ।

**IV.** ਹਰ ਮੁਕਾਬਲੇ ਲਈ ਨਿਰਧਾਰਿਤ ਸਮੇਂ ਵਿੱਚ 15 ਸੈਕਿੰਡ ਦੀ ਰਿਆਇਤ ਦਿੱਤੀ ਜਾਵੇਗੀ ।

**V.** ਮੁਕਾਬਲਿਆਂ ਲਈ ਬੋਰਡ ਵੱਲੋਂ ਨਿਸ਼ਚਿਤ ਕੀਤੀ ਗਈ ਟੀਮ ਮੈਂਬਰਾਂ ਦੀ ਗਿਣਤੀ ਘਟਾਈ/ਵਧਾਈ ਨਹੀਂ ਜਾਵੇਗੀ ।

**VI.** ਕਿਸੇ ਵੀ ਮੁਕਾਬਲੇ ਵਿੱਚ ਕੋਈ ਵੀ ਅੰਸ਼ ਅਸ਼ਲੀਲ, ਰਾਸ਼ਟਰ ਵਿਰੋਧੀ, ਜਾਤ-ਪਾਤ, ਕਿਸੇ ਵਰਗ ਜਾਂ ਧਰਮ ਨੂੰ ਠੇਸ ਪਹੁੰਚਾਉਣ ਵਾਲਾ ਨਹੀਂ ਹੋਣਾ ਚਾਹੀਦਾ ।

**VII.** ਮੁਕਾਬਲੇ ਵਿੱਚ ਭਾਗ ਲੈ ਰਹੇ ਕਿਸੇ ਵੀ ਸਕੂਲ ਦੇ ਵਿਦਿਆਰਥੀ, ਅਧਿਆਪਕ ਜਾਂ ਸਹਿਯੋਗੀ ਵੱਲੋਂ ਕਿਸੇ ਵੀ ਕਿਸਮ ਦੀ ਬਦਸਲੂਕੀ ਕਰਨ ਤੇ ਉਸ ਸਕੂਲ ਵਿਰੁੱਧ ਬੋਰਡ ਵੱਲੋਂ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।

**VIII.** ਬੋਰਡ ਦੇ ਨਿਯਮਾਂ ਅਨੁਸਾਰ ਵਿੱਦਿਅਕ ਮੁਕਾਬਲਿਆਂ ਦੇ ਨਤੀਜੇ ਸੰਬੰਧੀ ਅੰਤਮ ਨਿਰਨਾ ਲੈਣ ਦਾ ਅਧਿਕਾਰ ਸੰਬੰਧਤ ਜੱਜਾਂ ਕੋਲ਼ ਹੁੰਦਾ ਹੈ ਫਿਰ ਵੀ ਜੇਕਰ ਕੋਈ ਸਕੂਲ / ਵਿਅਕਤੀ ਜੱਜਾਂ ਦੇ ਨਿਰਨੇ ਸੰਬੰਧੀ ਅਪੀਲ ਕਰਨਾ ਚਾਹੇ ਤਾਂ ਉਹ ਮੁਕਾਬਲਾ ਖ਼ਤਮ ਹੋਣ ਤੋਂ ਕੰਮ ਵਾਲੇ (Working days) ਦੋ ਦਿਨਾਂ ਦੇ ਅੰਦਰ ਬੋਰਡ ਦੇ ਮੁੱਖ-ਦਫ਼ਤਰ ਵਿੱਚ ਗਰੁੱਪ ਆਈਟਮ ਲਈ 5000/- ਰੁਪਏ ਅਤੇ ਇੱਕਲੇ ਮੁਕਾਬਲੇ ਲਈ 3000/- ਰੁਪਏ ਪ੍ਰਤੀ ਮੁਕਾਬਲਾ, ਅਪੀਲ-ਫ਼ੀਸ ਜਮ੍ਹਾਂ ਕਰਵਾ ਕੇ 5 ਦਿਨਾਂ ਦੇ ਅੰਦਰ ਪੂਰੇ ਦਸਤਾਵੇਜ਼ੀ ਸਬੂਤਾਂ ਸਮੇਤ ਆਪਣੀ ਪ੍ਰਤੀ ਬੇਨਤੀ, ਉਪ ਡਾਇਰੈਕਟਰ (ਗਸਖਸ) ਪੰਜਾਬ ਸਕੂਲ ਸਿੱਖਿਆ ਬੋਰਡ ਫੇਜ਼-8, ਮੁਹਾਲੀ ਨੂੰ ਭੇਜ ਸਕਦਾ ਹੈ । ਜਮ੍ਹਾਂ ਕਰਵਾਈ ਫ਼ੀਸ ਦੀ ਅਸਲ ਰਸੀਦ ਪ੍ਰਤੀ ਬੇਨਤੀ ਨਾਲ਼ ਭੇਜੀ ਜਾਵੇ। ਇਹ ਫ਼ੀਸ ਕਿਸੇ ਵੀ ਸੂਰਤ ਵਿੱਚ ਮੋੜਨ ਯੋਗ ਨਹੀਂ ਹੋਵੇਗੀ । ਰਾਜ-ਪੱਧਰ ਦੇ ਮੁਕਾਬਲਿਆਂ ਵਿੱਚ ਅਪੀਲ ਦਰਸਾਈ ਵਿਧੀ ਅਨੁਸਾਰ ਮੌਕੇ 'ਤੇ ਕੀਤੀ ਜਾਵੇਗੀ ਅਤੇ ਤਕਨੀਕੀ ਕਮੇਟੀ ਉਸੇ ਵੇਲ਼ੇ ਅਪੀਲ ਤੇ ਨਿਰਨਾ ਦੇਵੇਗੀ ।

**IX.** ਸੰਬੰਧਤ ਸਕੂਲ ਮੁਖੀ ਵੱਲੋਂ ਕਿਸੇ ਵੀ ਮੁਕਾਬਲੇ ਵਿੱਚ ਬਾਹਰਲੇ ਵਰਗ ਅਤੇ ਬਾਹਰਲੇ ਸਕੂਲ ਦੇ ਵਿਦਿਆਰਥੀ ਨੂੰ ਸ਼ਾਮਲ ਕਰਨ ਤੇ ਸਕੂਲ ਨੂੰ ਅਗਲੇ ਤਿੰਨ ਸਾਲਾਂ ਲਈ ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਨਹੀਂ ਲੈਣ ਦਿੱਤਾ ਜਾਵੇਗਾ ।

**X.** ਸਹਿਯੋਗੀਆਂ ਨੂੰ ਟੀਮ ਦੇ ਮੈਂਬਰ ਤਦ ਹੀ ਮੰਨਿਆ ਜਾਵੇਗਾ ਜੇਕਰ ਉਹ ਸੰਬੰਧਤ ਵਰਗ ਦੇ ਵਿਦਿਆਰਥੀ ਹੋਣਗੇ ਅਤੇ ਟੀਮ ਦੇ ਮੈਂਬਰਾਂ ਲਈ ਨਿਸ਼ਚਿਤ ਗਿਣਤੀ (ਸੀਮਾ) ਅਧੀਨ ਆਉਣਗੇ ।

**XI.** ਜੇਕਰ ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਲੈ ਰਹੀ ਟੀਮ ਦੇ ਵਿਦਿਆਰਥੀ ਖ਼ੁਦ ਹੀ ਸਾਜ਼ ਵਜਾਉਂਦੇ ਹਨ ਤਾਂ ਸਮੁੱਚੇ ਪ੍ਰਭਾਵ ਹੇਠ ਉਹਨਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਵੇਗਾ ।

**XII.** ਗਿੱਧੇ ਅਤੇ ਭੰਗੜੇ ਤੋਂ ਬਿਨਾਂ ਬਾਕੀ ਸਾਰੀਆਂ ਟੀਮਾਂ ਵਿੱਚ ਲੜਕੇ ਅਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ ।

**XIII.** ਸੋਲੋ-ਡਾਂਸ ਅਤੇ ਲੋਕ-ਗੀਤਾਂ ਵਿੱਚ ਰੀ-ਮੀਕਸਿੰਗ ਦੀ ਆਗਿਆ ਨਹੀਂ ਹੈ ।

**XIV.** ਇਹਨਾਂ ਨਿਯਮਾਂ ਵਿੱਚ ਕਿਸੇ ਕਿਸਮ ਦੀ ਸੋਧ/ਤਬਦੀਲੀ/ਛੋਟ ਅਤੇ ਵਿਆਖਿਆ ਕਰਨ ਦਾ ਅਧਿਕਾਰ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਕੋਲ਼ ਹੋਵੇਗਾ ਅਤੇ ਮੁਕਾਬਲਿਆਂ ਦੌਰਾਨ ਵਿਸ਼ੇਸ਼ ਸਥਿਤੀ, ਸਮੇਂ ਅਤੇ ਵਿਦਿਆਰਥੀ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਅਧਿਕਾਰ ਦੀ ਵਰਤੋਂ

ਡਿਪਟੀ ਡਾਇਰੈਕਟਰ (ਗ.ਸ.ਖ.ਸ.) ਵੱਲੋਂ ਕੀਤੀ ਜਾ ਸਕਦੀ ਹੈ ਅਤੇ ਇਸ ਸੰਬੰਧੀ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਬਾਅਦ ਵਿੱਚ ਸੂਚਨਾ ਦੇ ਦਿੱਤੀ ਜਾਵੇਗੀ ।

## 10. ਇਨਾਮ ਅਤੇ ਸਰਟੀਫ਼ਿਕੇਟ :

**I.** ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਬੋਰਡ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ । ਜੇਤੂ ਵਿਦਿਆਰਥੀਆਂ ਦੇ ਸਰਟੀਫਿਕੇਟ ਮੁਕਾਬਲਿਆਂ ਉਪਰੰਤ ਸੰਬੰਧਤ ਸਕੂਲਾਂ ਵਿੱਚ ਭੇਜੇ ਜਾਣਗੇ।

**II.** ਰਾਜ-ਪੱਧਰ ਤੇ ਮੁਕਾਬਲੇ 'ਚ ਬਰਾਬਰ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ/ਟੀਮਾਂ ਟਾਸ ਕਰਕੇ ਪਹਿਲਾਂ ਟਾਸ ਜਿੱਤਣ ਵਾਲਾ ਵਿਦਿਆਰਥੀ/ਟੀਮ ਹੀ ਰਾਜ-ਪੱਧਰ 'ਤੇ ਇਨਾਮ ਲੈ ਕੇ ਜਾਵੇਗਾ ਬਰਾਬਰ ਅੰਕ ਪ੍ਰਾਪਤ ਕਰਨ ਅਤੇ ਟਾਸ ਹਾਰਨ ਵਾਲੇ ਵਿਦਿਆਰਥੀ/ਟੀਮਾਂ ਨੂੰ ਟਰਾਫ਼ੀ ਬਾਅਦ ਵਿੱਚ ਦਿੱਤੀ ਜਾਵੇਗੀ।

**III.** ਓਵਰ-ਆਲ ਟਰਾਫ਼ੀ ਲਈ ਰਾਜ-ਪੱਧਰ ਤੇ ਕੇਵਲ ਗਰੁਪ ਆਈਟਮ ਪਹਿਲੇ ਸਥਾਨ ਲਈ 10 ਅੰਕ, ਦੂਜੇ ਸਥਾਨ ਲਈ 7 ਅੰਕ ਅਤੇ ਤੀਜੇ ਸਥਾਨ ਨੂੰ 4 ਅੰਕ ਦਿੱਤੇ ਜਾਣਗੇ । ਇਕੱਲੇ ਮੁਕਾਬਲੇ ਲਈ ਪਹਿਲੇ ਨੂੰ 5 ਅੰਕ, ਦੂਜੇ ਸਥਾਨ ਨੂੰ 3 ਅੰਕ ਅਤੇ ਤੀਜੇ ਸਥਾਨ ਨੂੰ 1 ਅੰਕ ਦਿੱਤਾ ਜਾਵੇਗਾ ।

## 11. ਪਛਾਣ-ਪਤੱਰ ਸੰਬੰਧੀ :

ਹਰ ਪੱਧਰ 'ਤੇ ਹਰੇਕ ਵਿਦਿਆਰਥੀ/ਅਧਿਆਪਕ/ਸਾਜਿੰਦੇ ਆਦਿ ਲਈ 'ਪਛਾਣ-ਪੱਤਰ ਸਕੂਲ ਮੁਖੀ ਵੱਲੋਂ ਤਸਦੀਕ ਕਰਕੇ ਦਿੱਤਾ ਜਾਵੇਗਾ । ਇਹ ਪਛਾਣ-ਪੱਤਰ ਵਿੱਦਿਆਰਥੀ/ਅਧਿਆਪਕ ਹਰ ਸਮੇਂ ਹਰ ਪੱਧਰ 'ਤੇ ਆਪਣੇ ਕੋਲ ਰੱਖੇਗਾ ਅਤੇ ਪਛਾਣ-ਪੱਤਰ ਜਾਰੀ ਕਰਨ ਦਾ ਨਮੂਨਾ ਹਦਾਇਤਾ ਪੁਸਤਕ 'ਤੇ ਦਰਜ ਹੈ। ਹਰ ਵਿਦਿਆਰਥੀ/ਅਧਿਆਪਕ /ਸਾਜਿੰਦੇ-ਲਈ ਰੰਗੀਨ ਫ਼ੋਟੋਗਰਾਫ਼ ਪਛਾਣ-ਪੱਤਰ ਦਾ ਹਿੱਸਾ ਹੋਵੇਗਾ।

## 12. ਜੱਜਾਂ ਦੀ ਨਿਯੁਕਤੀ ਅਤੇ ਜੱਜਮੈਂਟ/ਕਾਰਜ :-

**(I)** ਆਮ-ਗਿਆਨ ਮੁਕਾਬਲੇ ਲਈ ਹਰ 40 ਪ੍ਰਤੀਯੋਗੀਆਂ ਪਿੱਛੇ ਇੱਕ ਜੱਜ ਅਤੇ ਬਾਕੀ ਮੁਕਾਬਲਿਆਂ ਲਈ ਬੋਰਡ ਵੱਲੋਂ ਤਿੰਨ-ਤਿੰਨ ਜੱਜਾਂ ਦੀ ਨਿਯੁਕਤੀ ਕੀਤੀ ਜਾਵੇਗੀ ।

**(II)** ਬੋਰਡ ਵੱਲੋਂ ਨਿਯੁਕਤ ਕੀਤੇ ਜੱਜਾਂ ਵਿੱਚੋਂ ਜੇਕਰ ਕੋਈ ਜੱਜ ਸਮੇਂ ਸਿਰ ਆਯੋਜਨ ਕੇਂਦਰ ਵਿੱਚ ਨਹੀਂ ਪਹੁੰਚਦਾ ਤਾਂ ਉਸ ਦੀ ਥਾਂ 'ਤੇ ਆਯੋਜਨ ਕੇਂਦਰ ਮੁਖੀ ਅਤੇ ਬੋਰਡ ਵੱਲੋਂ ਆਯੋਜਨ ਕੇਂਦਰ 'ਤੇ ਡਿਊਟੀ ਦੇ ਰਿਹਾ ਬੋਰਡ ਅਧਿਕਾਰੀ ਨਿਰਧਾਰਤ ਯੋਗਤਾ ਅਤੇ ਕਾਬਲੀਅਤ ਰੱਖਣ ਵਾਲੇ ਕਿਸੇ ਹੋਰ ਵਿਅਕਤੀ ਨੂੰ ਬਤੌਰ ਜੱਜ ਨਿਯੁਕਤ ਕਰ ਸਕਦੇ ਹਨ ਬਸ਼ਰਤੇ ਨਵ-ਨਿਯੁਕਤ ਜੱਜ ਨਾਲ਼ ਸੰਬੰਧਤ ਕੋਈ ਵਿਦਿਆਰਥੀ ਉਸੇ ਮੁਕਾਬਲੇ ਵਿੱਚ ਹਿੱਸਾ ਨਾ ਲੈ ਰਿਹਾ ਹੋਵੇ । ਨਿਯੁਕਤੀ ਕਰਨ ਤੋਂ ਪਹਿਲਾ ਇਸ ਸੰਬੰਧੀ ਫ਼ੋਨ ਤੇ ਡਿਪਟੀ ਡਾਇਰੈਕਟਰ (ਗਸਖਸ) ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ ।

**(III)** ਜੱਜਮੈਂਟ ਕਰਨ ਵੇਲੇ ਜੱਜਾਂ ਨੂੰ ਇੱਕ ਦੂਜੇ ਤੋਂ ਲਗਪਗ 4-5 ਫੁੱਟ ਦੀ ਦੂਰੀ 'ਤੇ ਬੈਠਣ ਦਾ ਪ੍ਰਬੰਧ ਕੀਤਾ ਜਾਵੇ । ਨਾਲ ਹੀ ਪ੍ਰਬੰਧਕਾਂ ਨੂੰ ਇਸ ਗੱਲ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੱਜਾਂ ਨੂੰ ਸਟੇਜ ਤੇ ਪੂਰੀ ਪੇਸ਼ਕਾਰੀ ਦੇਖਣ ਵਿੱਚ ਕੋਈ ਔਕੜ ਨਾ ਆਵੇ ।

**(IV)** ਨਿਯੁਕਤ ਜੱਜ, ਜੱਜਮੈਂਟ ਲਈ ਵੱਖ-ਵੱਖ ਮੁਲਾਂਕਣ ਪ੍ਰੋਫ਼ਾਰਮੇ ਦੀ ਵਰਤੋਂ ਕਰਨਗੇ । ਮੁਲਾਂਕਣ ਪ੍ਰੋਫ਼ਾਰਮਿਆਂ 'ਤੇ ਜੱਜਾਂ ਵੱਲੋਂ ਵਿਦਿਆਰਥੀਆਂ/ਟੀਮਾਂ ਨੂੰ ਦਿੱਤੇ ਅੰਕਾਂ ਦੇ ਆਧਾਰ 'ਤੇ ਆਯੋਜਨ ਕੇਂਦਰ ਮੁਖੀ ਮੈਰਿਟ ਅਨੁਸਾਰ ਪਹਿਲੇ ਪੰਜ ਸਥਾਨ ਅਤੇ ਉਹਨਾਂ ਦੇ ਅੰਕ ਦਰਸਾਉਂਦੇ ਹੋਏ ਨਤੀਜਾ ਸ਼ੀਟ

ਤਿਆਰ ਕਰਨਗੇ ਅਤੇ ਇਸ 'ਤੇ ਪੂਰੇ ਪਤੇ ਸਮੇਤ ਤਿੰਨੇ ਜੱਜਾਂ ਦੇ ਹਸਤਾਖ਼ਰ ਵੀ ਹੋਣੇ ਲਾਜ਼ਮੀ ਹਨ । ਇਹ ਨਤੀਜਾ ਸ਼ੀਟ ਆਯੋਜਨ ਕੇਂਦਰ ਮੁਖੀ ਵੱਲੋਂ ਵੀ ਤਸਦੀਕ ਕੀਤੀ ਜਾਵੇਗੀ ।

(V) ਜੇਕਰ ਕੋਈ ਜੱਜ ਸਾਹਿਬਾਨ ਚਾਹੁਣ ਤਾਂ ਆਪਸੀ ਸਹਿਮਤੀ ਬਣਾ ਕੇ ਭਾਗ ਲੈ ਚੁੱਕੀਆਂ ਟੀਮਾਂ ਦੀ ਪੇਸ਼ਕਾਰੀ ਤੇ ਟਿੱਪਣੀ ਕਰਕੇ ਉਹਨਾਂ ਦੀਆਂ ਊਣਤਾਈਆਂ ਬਾਰੇ ਜਾਣਕਾਰੀ ਵੀ ਦੇ ਸਕਦੇ ਹਨ ।

(VI) 'ਹਦਾਇਤ ਪੁਸਤਕ' ਵਿੱਚ ਦਰਜ ਅੰਕਾਂ ਦੀ ਵੰਡ ਦੇ ਅਧਾਰ 'ਤੇ ਹੀ ਮੁਕਾਬਲਿਆਂ ਦੀ ਜੱਜਮੈਂਟ ਕੀਤੀ ਜਾਵੇ ।

(VII) ਆਯੋਜਨ ਕੇਂਦਰ ਪ੍ਰਬੰਧਕ ਅਤੇ ਜੱਜ ਸਾਹਿਬਾਨ ਆਪਸੀ ਤਾਲਮੇਲ ਨਾਲ਼ ਇਹ ਯਕੀਨੀ ਬਣਾ ਲੈਣ ਕਿ ਮੁਕਾਬਲਿਆਂ ਦੀ ਜੱਜਮੈਂਟ ਦੇ ਸਮੇਂ ਦੌਰਾਨ ਜੱਜ ਸਾਹਿਬਾਨ ਨੂੰ ਹਰ ਅਜਿਹੀ ਗਤੀ ਵਿਧੀ (ਮੋਬਾਇਲ ਦੀ ਵਰਤੋਂ, ਮੁਕਾਬਲੇ ਸਮੇਂ ਚਾਹ ਪਾਣੀ, ਜੱਜਾਂ ਦੀ ਕਿਸੇ ਦੂਜੇ ਵਿਅਕਤੀ ਨਾਲ਼ ਗੱਲ-ਬਾਤ ਆਦਿ) ਤੋਂ ਨਿਰਲੇਪ ਰੱਖਿਆ ਜਾਵੇ ਤਾਂ ਜੋ ਉਹਨਾਂ 'ਤੇ ਇਹ ਇਲਜ਼ਾਮ ਨਾ ਲੱਗ ਸਕੇ ਕਿ ਉਹਨਾਂ ਨੇ ਜੱਜਮੈਂਟ ਸਮੇਂ ਪੇਸ਼ਕਾਰੀ ਵੱਲ ਪੂਰਾ ਧਿਆਨ ਨਹੀਂ ਦਿੱਤਾ ।

VIII. ਮੁਕਾਬਲੇ ਦੀ ਅੰਤਿਮ ਜੱਜਮੈਂਟ ਵਿੱਚ ਲੜੀ ਨੰ./ਕੋਡ ਨੰਬਰ ਦੇ ਨਾਲ਼-ਨਾਲ਼ ਵਿਦਿਆਰਥੀ/ਟੀਮ ਦੇ ਵਿਦਿਆਰਥੀਆਂ ਦਾ ਨਾਂ ਅਤੇ ਸਕੂਲ ਦਾ ਨਾਂ ਪੂਰਾ ਅਤੇ ਸਹੀ ਦਰਜ ਕੀਤਾ ਜਾਵੇ ।

IX. ਪਹਿਲੇ ਤੋਂ ਪੰਜਵੇਂ ਸਥਾਨ 'ਤੇ ਆਉਣ ਵਾਲ਼ੇ ਵਿਦਿਆਰਥੀ/ਟੀਮ ਦੇ ਪੂਰੇ ਵਿਦਿਆਰਥੀਆਂ ਦੇ ਨਾਂ ਅਤੇ ਸਕੂਲ ਦਾ ਪੂਰਾ ਅਤੇ ਸਹੀ ਨਾਂ, ਨਾਲ਼ ਭਰੇ ਨਤੀਜਾ ਪ੍ਰੋਫਾਰਮਾ, ਰਜਿਸਟ੍ਰੇਸ਼ਨ-ਫਾਰਮ, ਤਿਆਰ ਕੀਤੀ ਅੰਤਿਮ ਜੱਜਮੈਂਟ ਦੇ ਨਾਲ਼-ਨੱਥੀ ਕੀਤੇ ਜਾਣ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ।

## 12. ਨਤੀਜੇ :

(I) ਹਰੇਕ ਪੱਧਰ ਦੇ ਹਰੇਕ ਮੁਕਾਬਲੇ ਵਿੱਚੋਂ ਤਿੰਨ ਸਥਾਨ ਪ੍ਰਾਪਤ ਕਰਤਾਵਾਂ ਦੇ ਨਤੀਜੇ ਮੁਕਾਬਲਾ ਖ਼ਤਮ ਹੋਣ ਉਪਰੰਤ ਸਟੇਜ ਤੋਂ ਘੋਸ਼ਿਤ ਕੀਤੇ ਜਾਣਗੇ ।

(II) ਜ਼ਿਲ੍ਹਾ ਅਤੇ ਖੇਤਰ-ਪੱਧਰ ਉੱਤੇ ਕਿਸੇ ਮੁਕਾਬਲੇ ਵਿੱਚ ਅੰਕਾਂ ਦੇ ਅਧਾਰ ਤੇ ਕੋਈ ਟੀਮ/ਵਿਦਿਆਰਥੀ ਬਰਾਬਰ ਸਥਾਨ ਪ੍ਰਾਪਤ ਕਰਦੇ ਹਨ ਤਾਂ ਦੋਵਾਂ ਟੀਮਾਂ ਦੇ ਮੁਖੀ, ਆਯੋਜਨ ਕੇਂਦਰ ਮੁਖੀ, ਸੰਬੰਧਤ ਜੱਜ ਅਤੇ ਬੋਰਡ ਵੱਲੋਂ ਭੇਜੇ ਗਏ ਅਧਿਕਾਰੀ ਦੀ ਹਾਜ਼ਰੀ ਵਿੱਚ ਟਾਸ/ਪਰਚੀ ਸਿਸਟਮ ਰਾਹੀਂ ਸਥਾਨ ਪ੍ਰਾਪਤੀ ਬਾਰੇ ਨਿਰਨਾ ਕੀਤਾ ਜਾਵੇਗਾ । ਇਸ ਫ਼ੈਸਲੇ ਨੂੰ ਅੰਤਮ ਮੰਨਦੇ ਹੋਏ ਸੰਬੰਧਤ ਟੀਮ/ਵਿਦਿਆਰਥੀ /ਸਕੂਲ ਮੁਖੀ ਵੱਲੋਂ ਕਿਸੇ ਕਿਸਮ ਦਾ ਕੋਈ ਕਿੰਤੂ - ਪਰੰਤੂ ਵਿਚਾਰ ਯੋਗ ਨਹੀਂ ਹੋਵੇਗਾ।

## 13. ਆਯੋਜਨ ਕੇਂਦਰ ਵੱਲੋਂ ਨਿਭਾਏ ਜਾਣ ਵਾਲ਼ੇ ਕਾਰਜ :

(I) ਮੁਕਾਬਲਿਆਂ ਲਈ ਯੋਗ ਪ੍ਰਬੰਧ ਕਰਨੇ ।

(II) ਬੋਰਡ ਅਧਿਕਾਰੀਆਂ ਨਾਲ਼ ਤਾਲਮੇਲ ਕਰਕੇ ਬਾਹਰੋਂ ਆਏ ਟੀਮ ਮੁਖੀਆਂ ਅਤੇ ਜੱਜਾਂ ਨੂੰ ਸਹਿਯੋਗ ਦੇਣਾ।

(III) ਕੇਂਦਰ ਮੁਖੀ ਹਰੇਕ ਮੁਕਾਬਲੇ ਦੇ ਨਤੀਜੇ ਦੀ ਇੱਕ ਫੋਟੋ ਕਾਪੀ ਘੱਟੋ-ਘੱਟ ਇੱਕ ਸਾਲ ਲਈ ਆਪਣੇ ਰਿਕਾਰਡ ਵਿੱਚ ਰੱਖਣਗੇ ।

(IV) ਸੁੰਦਰ-ਲਿਖਾਈ, ਚਿੱਤਰਕਲਾ, ਮੌਲਿਕ-ਲਿਖਤ ਅਤੇ ਆਮ-ਗਿਆਨ-ਮੁਕਾਬਲਿਆਂ ਦੇ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਦੀਆਂ ਉੱਤਰ-ਪੱਤਰੀਆਂ ਸੀਲ ਬੰਦ ਕਰਕੇ ਬੋਰਡ ਅਧਿਕਾਰੀ ਨੂੰ ਸੌਂਪਣਗੇ ਅਤੇ ਬਾਕੀ ਉੱਤਰ-ਪੱਤਰੀਆਂ ਆਪਣੇ ਰਿਕਾਰਡ ਵਿੱਚ ਰੱਖਣਗੇ ।-

(V) ਖ਼ਰਚੇ ਦੀਆਂ ਰਸੀਦਾਂ ਨੂੰ ਆਯੋਜਨ ਕੇਂਦਰ ਮੁਖੀ ਤਸਦੀਕ ਕਰਨਗੇ ।-

## 14. ਅਨੁਸ਼ਾਸ਼ਨ ਭੰਗ ਕਰਨ ਸੰਬੰਧੀ/ਮੁਕਾਬਲਿਆਂ ਦੌਰਾਨ ਕੀਤੀ ਬਦਸਲੂਕੀ ਸੰਬੰਧੀ ਹੋਣ ਵਾਲੀ ਕਾਰਵਾਈ ਬਾਰੇ :-

ੳ) **ਜੱਜ ਸਹਿਬਾਨਾਂ ਨਾਲ਼ ਕੀਤੀ ਬਦਸਲੂਕੀ :** ਜ਼ਿਲ੍ਹਾ-ਪਧੱਰ 'ਤੇ ਦੋ ਸਾਲਾਂ ਲਈ ਟੀਮ/ਵਿਦਿਆਰਥੀ ਆਯੋਗ ਅਤੇ ਖੇਤਰ-ਪੱਧਰ ਲਈ ਟੀਮ/ਵਿਦਿਆਰਥੀ ਨੂੰ ਤਿੰਨ ਸਾਲ ਲਈ ਆਯੋਗ ਕੀਤਾ ਜਾਵੇਗਾ ।

ਅ) **ਬੋਰਡ ਅਧਿਕਾਰੀਆਂ/ਆਯੋਜਨ ਕੇਂਦਰ ਮੁਖੀ ਨਾਲ਼ ਕੀਤੀ ਬਦਸਲੂਕੀ :** ਮੌਕੇ 'ਤੇ ਹੀ ਵਿਦਿਆਰਥੀ/ਟੀਮ ਆਯੋਗ ਮੰਨੇ ਜਾਣਗੇ, ਅਜਿਹੇ ਵਿਦਿਆਰਥੀ/ਟੀਮ ਕਿਸੇ ਵੀ ਸੂਰਤ ਵਿੱਚ ਅਗਲੇ ਪੜਾਅ 'ਤੇ ਭਾਗ ਨਹੀਂ ਲੈ ਸਕਣਗੇ ।

ੲ) **ਸਕੂਲ ਸੰਪਤੀ/ਬੋਰਡ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੀ ਸੂਰਤ ਵਿੱਚ :**
ਜ਼ਿਲ੍ਹਾ-ਪੱਧਰ/ਖੇਤਰ-ਪੱਧਰ 'ਤੇ ਸਕੂਲ ਪੰਜ ਸਾਲ ਲਈ ਕਿਸੇ ਵੀ ਮੁਕਾਬਲੇ ਵਿੱਚ ਭਾਗ ਨਹੀਂ ਲੈ ਸਕੇਗਾ ਅਤੇ ਕੀਤੇ ਗਏ ਨੁਕਸਾਨ ਦੀ ਭਰਪਾਈ ਵੀ ਸਕੂਲ ਤੋਂ ਹੀ ਵਸੂਲ ਕੀਤੀ ਜਾਵੇਗੀ ।

## 15. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਸਹਿ-ਅਕਾਦਮਿਕ ਮੁਕਾਬਲਿਆਂ ਦਾ ਵੇਰਵਾ :

### (1) ਸ਼ਬਦ -ਗਾਇਨ

**I.** **ਸਮਾਂ :-**

| | |
|---|---|
| (1) ਪਹਿਲਾ ਵਰਗ | 3 ਮਿੰਟ ਤੋਂ 5 ਮਿੰਟ |
| (2) ਦੂਜਾ ਵਰਗ ਅਤੇ ਤੀਜਾ ਵਰਗ | 5 ਮਿੰਟ ਤੋਂ 7 ਮਿੰਟ |

**II.** ਸ਼ਬਦ-ਗਾਇਨ ਲਈ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚੋਂ ਹੀ ਹੋਵੇਗਾ ।

**III.** ਸ਼ਬਦ ਗਾਇਨ ਦੀ ਤਾਲ ਕੋਈ ਵੀ ਹੋ ਸਕਦੀ ਹੈ ।

**IV.** ਟੀਮ ਵਿੱਚ ਤਿੰਨ ਤੋਂ ਪੰਜ ਤੱਕ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ । ਟੀਮ ਦੇ ਨਾਲ਼ ਵੱਧ ਤੋਂ ਵੱਧ ਦੋ ਬਾਹਰੀ ਸਜ਼ਿੰਦੇ ਸਿਰਫ਼ ਹਰਮੋਨੀਅਮ ਅਤੇ ਤਬਲਾ ਵਜਾਉਣ ਲਈ ਸ਼ਾਮਲ ਹੋ ਸਕਦੇ ਹਨ ।

**V.** ਸ਼ਬਦ-ਗਾਇਨ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੱਧ ਤੋਂ ਵੱਧ ਪੰਜ ਹੋਵੇਗੀ । ਸਾਜ਼ੀ, ਟੀਮ ਦਾ ਹਿੱਸਾ ਨਹੀਂ ਮੰਨੇ ਜਾਣਗੇ ਪਰ ਕਿਸੇ ਸੂਰਤ ਵਿੱਚ ਜੇਕਰ ਸ਼ਬਦ-ਗਾਇਨ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਤਿੰਨ ਹੋਣ ਅਤੇ ਦੋ ਸਾਜ਼ ਵਜਾਉਣ ਵਾਲੇ ਵੀ ਉਸੇ ਵਰਗ ਦੇ ਵਿਦਿਆਰਥੀ ਹੋਣ ਤਾਂ ਉਹ ਵੀ ਟੀਮ ਦਾ ਹਿੱਸਾ ਮੰਨੇ ਜਾਣਗੇ ਭਾਵ ਕੁੱਲ-ਪੰਜ ਵਿਦਿਆਰਥੀ ਹੀ ਟੀਮ ਦਾ ਹਿੱਸਾ ਮੰਨੇ ਜਾਣਗੇ । ਹਰਮੋਨੀਅਮ ਅਤੇ ਤਬਲੇ ਤੋਂ ਇਲਾਵਾ ਹੋਰ ਸਾਜ਼ਾਂ ਦਾ ਇਸਤੇਮਾਲ ਵਰਜਿਤ ਹੈ ।

**VI.** ਸ਼ਬਦ-ਗਾਇਨ ਸਮੇਂ ਸਿੱਖ ਮਰਿਆਦਾ ਦਾ ਪੂਰਾ-ਪੂਰਾ ਧਿਆਨ ਰੱਖਿਆ ਜਾਵੇ ।

**VII.** **ਜੱਜਮੈਂਟ ਲਈ ਮਾਪ- ਦੰਡ ਅਤੇ ਅੰਕ- ਵੰਡ :**

| | |
|---|---|
| 1) ਸੁਰ ਅਤੇ ਤਾਲ - 10 ਅੰਕ | 2) ਉਚਾਰਨ ਸ਼ੈਲੀ - 5 ਅੰਕ |
| 3) ਗਾਉਣ ਸ਼ੈਲੀ ਅਤੇ ਲੈਅ - 5 ਅੰਕ | 4) ਆਪਸੀ ਤਾਲਮੇਲ - 5 ਅੰਕ |
| 5) ਸਮੁੱਚਾ ਪ੍ਰਭਾਵ - 5 ਅੰਕ | |

**ਨੋਟ : ਟੀਮ ਸਟੇਜ ਉੱਤੇ ਆਉਣ ਤੋਂ ਪਹਿਲਾਂ ਹੀ ਸਾਜ਼ਾਂ ਨੂੰ ਸੁਰ ਵਿੱਚ ਕਰਕੇ ਲਿਆਵੇ।**

## (2) ਵਾਰ-ਗਾਇਨ

(ਇਹ ਮੁਕਾਬਲਾ ਖੇਤਰ-ਪੱਧਰ 'ਤੇ ਦੂਜੇ ਅਤੇ ਤੀਜੇ ਵਰਗ ਲਈ ਹੈ)

**I.** ਸਮਾਂ : 3 ਤੋਂ 5 ਮਿੰਟ ।

**II.** ਟੀਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਿਰਫ਼ ਤਿੰਨ ਹੋਣੀ ਚਾਹੀਦੀ ਹੈ ।

**III.** ਵਾਰ-ਗਾਇਨ ਨਾਲ ਸੰਬੰਧਤ ਲੋਕ-ਸਾਜ਼, ਕੇਵਲ ਢੱਡ, ਸਾਰੰਗੀ ਦੀ ਹੀ ਵਰਤੋਂ ਕੀਤੀ ਜਾ ਸਕਦੀ ਹੈ। (ਸਾਰੰਗੀ ਨੂੰ ਮਾਈਕ ਜਾਂ ਸਪੀਕਰ ਦੀ ਤਾਰ ਨਾਲ਼ ਨਾ ਜੋੜਿਆ ਜਾਵੇ )

**IV.** ਪ੍ਰਤੀਯੋਗੀਆਂ ਦਾ ਸਾਥ ਦੋ ਸਾਜਿੰਦੇ ਦੇ ਸਕਦੇ ਹਨ ।

**V.** ਵਾਰ ਪੜ੍ਹ ਕੇ ਨਹੀਂ ਗਾਈ ਜਾਵੇਗੀ ।

**VI. ਜੱਜਮੈਂਟ ਲਈ ਮਾਪ- ਦੰਡ ਅਤੇ ਅੰਕ-ਵੰਡ :**

(1) ਕਾਵਿ ਰੂਪ : ਵਾਰ ਵਿੱਚ ਹੋਵੇ 5 ਅੰਕ

(2) ਗਾਉਣ ਸ਼ੈਲੀ : ਗਾਉਣ ਸ਼ੈਲੀ, ਛੰਦ ਦੇ ਮੁਤਾਬਕ ਹੋਵੇ 5 ਅੰਕ

(3) ਗਰੁੱਪ ਦਾ ਆਪਸੀ ਤਾਲਮੇਲ : ਗਾਉਣ ਵਾਲਿਆਂ ਦਾ ਸੁਰ ਇੱਕੋ ਜਿਹਾ ਹੋਵੇ ਅਤੇ ਗਾਉਣ ਦੀ ਤਰਤੀਬ, ਵਾਰ ਅਨੁਸਾਰ ਹੋਵੇ - 5 ਅੰਕ

(4) ਪੇਸ਼ਕਾਰੀ/ਸਮੁੱਚਾ ਪ੍ਰਭਾਵ : ਕੀ ਸਾਜ਼ ਗਵੱਈਆ ਆਪ ਵਜਾਉਂਦਾ ਹੈ, ਕੀ ਪਹਿਰਾਵਾ ਢੁਕਵਾਂ ਹੈ, ਕੀ ਸਰੀਰਕ ਮੁਦਰਾਵਾਂ ਵਾਰ ਦੇ ਅਨੁਸਾਰ ਹਨ ? 15 ਅੰਕ

## (3) ਕਵੀਸ਼ਰੀ

(ਇਹ ਮੁਕਾਬਲਾ ਖੇਤਰ ਪੱਧਰ 'ਤੇ ਦੂਜੇ ਅਤੇ ਤੀਜੇ ਵਰਗ ਲਈ ਹੈ)

**I.** ਸਮਾਂ 3 ਤੋਂ 5 ਮਿੰਟ ।

**II.** ਸਾਜ਼ ਵਰਤਣ ਦੀ ਮਨਾਹੀ ਹੈ ।

**III.** ਕਵੀਸ਼ਰੀ ਵਿੱਚ ਤਿੰਨ ਵਿਦਿਆਰਥੀ ਹਿੱਸਾ ਲੈ ਸਕਦੇ ਹਨ ।

**IV.** ਕਵੀਸ਼ਰੀ ਪੜ੍ਹ ਕੇ ਨਹੀਂ ਗਾਈ ਜਾਵੇਗੀ ।

**V. ਜਜੱਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ ਵੰਡ :**

(1) ਵਿਸ਼ਾ - 4 ਅੰਕ

(2) ਮੰਚ ਉ੍ਤੇ ਸਵੈ-ਵਿਸ਼ਵਾਸ - 4 ਅੰਕ

(3) ਉਚਾਰਨ / ਅਵਾਜ਼ - 6 ਅੰਕ

(4) ਆਪਸੀ ਤਾਲਮੇਲ - 4 ਅੰਕ

(5) ਹਾਵ-ਭਾਵ ਤੇ ਮੁਦਰਾਵਾਂ - 3 ਅੰਕ

(6) ਸਰੋਤਿਆਂ ਉ੍ਤੇ ਪ੍ਰਭਾਵ - 4 ਅੰਕ

(7) ਸਮੁੱਚਾ ਪ੍ਰਭਾਵ - 5 ਅੰਕ

## (4) ਕਵਿਤਾ ਉਚਾਰਨ

**I.** ਸਮਾਂ : 3 ਤੋਂ 5 ਮਿੰਟ ਦੂਜੇ ਅਤੇ ਤੀਜੇ ਵਰਗ ਲਈ

**II.** ਕਵਿਤਾ ਦਾ ਮਾਧਿਅਮ ਪੰਜਾਬੀ /ਹਿੰਦੀ/ਅੰਗਰੇਜ਼ੀ ਵਿੱਚੋਂ ਕੋਈ ਇੱਕ ਹੋ ਸਕਦਾ ਹੈ।

**III.** ਕਵਿਤਾ-ਉਚਾਰਨ ਸਮੇਂ ਕਿਸੇ ਕਿਸਮ ਦਾ ਵੀ ਸਾਜ਼ ਵਰਤਣ ਦੀ ਮਨਾਹੀ ਹੈ ।

**VI.** ਕਵਿਤਾ ਗਾ ਕੇ ਪੇਸ਼ ਕੀਤੀ ਜਾ ਸਕਦੀ ਹੈ ਪਰ ਇਸ ਕਾਰਨ ਵਿਦਿਆਰਥੀ ਨੂੰ ਵਿਸ਼ੇਸ਼ ਲਾਭ ਨਹੀਂ ਦਿੱਤਾ ਜਾਵੇਗਾ । ਪਹਿਲ ਇਸ ਗੱਲ ਨੂੰ ਦਿੱਤੀ ਜਾਵੇਗੀ ਕਿ ਕੀ ਵਿਦਿਆਰਥੀ ਕਵਿਤਾ ਦੇ ਅੰਤਰੀਵ-

ਮੱ

ਭਾਵ ਨੂੰ, ਸੁਰ, ਟੋਨ, ਦਬਾਅ, ਉਤਰਾਅ ਅਤੇ ਚੜ੍ਹਾਅ ਨਾਲ਼ ਪੇਸ਼ ਕਰ ਸਕਿਆ ਹੈ ਜਾਂ ਨਹੀ ?

**V. ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ :**

(1) ਕਵਿਤਾ ਦੀ ਚੋਣ - 3 ਅੰਕ (2) ਕਵਿਤਾ ਦੇ ਭਾਵਾਂ ਨਾਲ਼ ਇਕਸੁਰਤਾ, ਸੁਭਾਵਿਕਤਾ- 4 ਅੰਕ ਕਾਵਿਕ ਮਾਹੌਲ ਦੀ ਸਿਰਜਨਾ - 10 ਅੰਕ (4) ਸਰੋਤਿਆਂ ਉ·ਤੇ ਪ੍ਰਭਾਵ - 4 ਅੰਕ (5) ਉਚਾਰਨ - 4 ਅੰਕ (6) ਸਮੁਚਾ ਪ੍ਰਭਾਵ - 5 ਅੰਕ

ਨੋਟ :- ਵਿਦਿਆਰਥੀ ਦੇ ਮੰਚ 'ਤੇ ਆ ਕੇ ਸੰਬੋਧਨ ਕਰਨ ਤੋਂ ਹੀ ਮੁਕਾਬਲੇ ਦਾ ਸਮਾਂ ਸ਼ੁਰੂ ਹੋਇਆ ਮੰਨਿਆ ਜਾਵੇਗਾ ।

## (5) ਭਾਸ਼ਣ

**I. ਸਮਾਂ :**

1) ਪਹਿਲਾ ਵਰਗ — 2 ਮਿੰਟ ਤੋਂ 3 ਮਿੰਟ

2) ਦੂਜਾ ਵਰਗ ਅਤੇ ਤੀਜਾ ਵਰਗ — 3 ਮਿੰਟ ਤੋਂ 5 ਮਿੰਟ

**II.** ਭਾਸ਼ਣ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਕੋਈ ਵੀ ਹੋ ਸਕਦਾ ਹੈ ।

**III.** ਭਾਸ਼ਣ ਦਾ ਵਿਸ਼ਾ ਦਿੱਤੇ ਹੋਏ ਸਿਰਲੇਖਾਂ ਵਿੱਚੋਂ ਹੀ ਹੋਵੇਗਾ ਅਤੇ ਭਾਸ਼ਣ ਪੜ੍ਹ ਕੇ ਨਹੀਂ ਬੋਲਿਆ ਜਾਵੇਗਾ ।

**IV.** ਭਾਸ਼ਣ ਦਾ ਸਮਾਂ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਹੀ ਨੋਟ ਕੀਤਾ ਜਾਵੇਗਾ ਅਰਥਾਤ ਜੇਕਰ ਵਿਦਿਆਰਥੀ, ਮੁੱਖ ਮਹਿਮਾਨ ਜਾਂ ਕਿਸੇ ਹੋਰ ਵਿਅਕਤੀ ਬਾਰੇ ਬੋਲਦਾ ਹੈ ਤਾਂ ਉਹ ਵੀ ਸਮੇਂ ਦੀ ਸੀਮਾ ਵਿੱਚ ਸ਼ਾਮਲ ਕੀਤਾ ਜਾਵੇਗਾ ।

**V. ਜੱਜਮੈਂਟ ਕਰਨ ਲਈ ਮਾਪ-ਦੰਡ ਅਤੇ ਅੰਕ- ਵੰਡ :**

(1) ਵਿਸ਼ਾ ਵਸਤੂ - 5 ਅੰਕ (2) ਭਾਸ਼ਾ - 5 ਅੰਕ (3) ਉਚਾਰਨ - 5 ਅੰਕ (4) ਸਰੋਤਿਆਂ ਨਾਲ਼ ਸੰਚਾਰ - 5 ਅੰਕ (5) ਮੰਚ 'ਤੇ ਸਵੈ-ਵਿਸ਼ਵਾਸ ਅਤੇ ਸਹਿਜ ਸੁਭਾਵਿਕਤਾ - 5 ਅੰਕ (6) ਸਮੁੱਚਾ ਪ੍ਰਭਾਵ-5 ਅੰਕ

**ਭਾਸ਼ਣ ਲਈ ਵਰਗ ਵਾਰ ਸਿਰਲੇਖ :-**

| ਪਹਿਲਾ ਵਰਗ | ਦੂਜਾ ਵਰਗ | ਤੀਜਾ ਵਰਗ |
|---|---|---|
| ਪਹਿਲੀ ਤੋਂ ਪੰਜਵੀਂ | ਛੇਵੀਂ ਤੋਂ ਅੱਠਵੀਂ | ਨੌਵੀਂ ਤੋਂ ਬਾਰ੍ਹਵੀਂ |

| **ਪਹਿਲਾ ਵਰਗ :** | **ਦੂਜਾ ਵਰਗ :** | **ਤੀਜਾ ਵਰਗ** |
|---|---|---|
| 1. ਮਾਂ | 1. ਨੌਜਵਾਨ ਪੀੜ੍ਹੀ ਅਤੇ ਅਜੋਕੀ ਗਾਇਕੀ | 1. ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨ । |
| 2. ਮੇਰਾ ਖੇਡ ਮੈਦਾਨ | 2. ਲੜਕੀਆਂ ਲਈ ਸਿੱਖਿਆ ਦਾ ਮਹਤੱਵ | 2. ਸੰਗੀਤ ਮਨੁੱਖੀ ਮਨ ਲਈ ਰਸਾਇਣ |
| 3. ਜੈ ਜਵਾਨ ਜੈ ਕਿਸਾਨ | 3. ਮਾਤ ਭਾਸ਼ਾ ਦਾ ਮਹਤੱਵ | 3. ਅਜੋਕੀ ਨੌਜਵਾਨ ਪੀੜ੍ਹੀ ਵਿੱਚੋਂ ਕਿਰ ਰਹੀਆਂ ਕਦਰਾਂ-ਕੀਮਤਾਂ |
| 4. ਆਓ ਪਾਣੀ ਨੂੰ ਸੰਭਾਲ਼ੀਏ | 4. ਅਜੋਕਾ ਸਮਾਜ ਅਤੇ ਬਜ਼ੁਰਗਾਂ ਦਾ ਸਤਿਕਾਰ | 4. ਸਾਈਵਰ ਕੈਫੇ |

ਨੋਟ : ਰਾਜ ਪੱਧਰ 'ਤੇ ਭਾਸ਼ਣ ਅਤੇ ਕਵਿਤਾ ਪ੍ਰਤੀਯੋਗੀ ਆਪਣੀ-ਆਪਣੀ ਰਚਨਾ ਦੀ ਇੱਕ-ਇੱਕ ਫੋਟੋਕਾਪੀ, ਮੁਕਾਬਲੇ ਉਪਰੰਤ ਮੌਕੇ 'ਤੇ ਹੀ ਪੰਜਾਬ ਬੋਰਡ ਦੀ ਫੀਲਡ ਪ੍ਰੋਗਰਾਮ ਸ਼ਾਖਾ ਦੇ ਅਧਿਕਾਰੀ ਨੂੰ ਸੌਂਪਣਗੇ ।

## (6) ਸੁੰਦਰ – ਲਿਖਾਈ

(ਇਹ ਮੁਕਾਬਲਾ ਤਿੰਨ ਵਰਗਾਂ ਲਈ ਖੇਤਰ ਪੱਧਰ ਤੋਂ ਆਰੰਭ ਹੋਵੇਗਾ)

**I.** ਸਮਾਂ : 30 ਮਿੰਟ ।

**II.** ਮਾਧਿਅਮ ਪੰਜਾਬੀ, ਹਿੰਦੀ, ਅੰਗਰੇਜ਼ੀ ਜਾਂ ਉਰਦੂ ਭਾਸ਼ਾਵਾਂ ਵਿੱਚੋਂ ਕੋਈ ਵੀ ਇੱਕ ਹੋ ਸਕਦਾ ਹੈ ।

**III.** ਸੁੰਦਰ-ਲਿਖਾਈ ਲਈ ਬੋਰਡ ਦੁਆਰਾ ਨਿਰਧਾਰਿਤ ਸ਼ੀਟ ਆਯੋਜਨ ਕੇਂਦਰ ਵੱਲੋਂ ਦਿੱਤੀ ਜਾਵੇਗੀ ।

**IV.** ਵਿਦਿਆਰਥੀ ਲਈ ਬੋਰਡ ਵੱਲੋਂ ਦਿੱਤੇ ਗਏ ਪੈਰ੍ਹੇ ਨੂੰ ਲਗਾਂ, ਮਾਤਰਾ ਸਣੇ ਪੂਰਾ-ਪੂਰਾ ਲਿਖਣਾ ਜ਼ਰੂਰੀ ਹੋਵੇਗਾ। ਪਹਿਲੇ ਵਰਗ ਲਈ ਸੁੰਦਰ ਲਿਖਾਈ ਦਾ ਪੈਰ੍ਹਾ ਲਗਪਗ 35 ਸ਼ਬਦਾਂ ਦਾ, ਦੂਜੇ ਅਤੇ ਤੀਜੇ ਵਰਗ ਲਈ 50 ਸ਼ਬਦਾਂ ਦਾ ਹੋਵੇਗਾ ।

**V.** ਲਿਖਣ-ਯੋਗ ਸਮਗਰੀ ਜਿਵੇਂ ਕਾਨੇ ਵਾਲੀ ਕਲਮ, ਸਿਆਹੀ ਅਤੇ ਡਰਾਇੰਗ ਬੋਰਡ/ਗੱਤਾ ਆਦਿ ਵਿਦਿਆਰਥੀ ਆਪ ਲੈ ਕੇ ਆਉਣਗੇ ।

**VI.** **ਹਰ ਵਰਗ ਦੇ ਵਿਦਿਆਰਥੀ ਕਾਨੇ ਵਾਲ਼ੀ ਕਲਮ ਅਤੇ ਕਾਲ਼ੀ ਸਿਆਹੀ ਦੀ ਹੀ ਵਰਤੋਂ ਕਰਨ । ਕਿਸੇ ਕਿਸਮ ਦੇ ਪੈਨੱ ਜਾਂ ਨਿੱਬ, ਫਲਿਊਡ ਆਦਿ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ ।**

**VII.** **ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ-ਵੰਡ :**

(1) ਪੈਰ੍ਹੇ ਨੂੰ ਇੰਨ-ਬਿੰਨ ਲਿਖਣਾ – 4 ਅੰਕ (2) ਲਿਖਾਈ ਵਿੱਚ ਸ਼ਬਦ ਜੋੜਾਂ ਦੀ ਸ਼ੁੱਧਤਾ, ਪੜ੍ਹਨ ਯੋਗ, ਬਿਨਾਂ ਕਟਿੰਗ, ਬਿਨਾਂ ਗ਼ਲਤੀ, ਅੱਖਰਾਂ ਅਤੇ ਲਗਾਂ ਦੀ ਠੀਕ ਬਣਾਵਟ – 8 ਅੰਕ (3) ਮੌਲਿਕਤਾ : ਅੱਖਰਾਂ ਅਤੇ ਲਗਾਂ ਦੀ ਇੱਕਸਾਰਤਾ – 7 ਅੰਕ (4) ਲਿਖਾਈ ਦੀ ਇਕਸਾਰਤਾ ਅੱਖਰਾਂ ਅਤੇ ਸ਼ਬਦਾਂ ਵਿੱਚ ਆਪਸੀ ਫ਼ਾਸਲਾ, ਸ਼ੀਟ ਉੱਤੇ ਲਿਖੇ ਹੋਏ ਅੱਖਰਾਂ ਵਿੱਚ ਫ਼ਾਸਲੇ ਦੀ ਇੱਕਸਾਰਤਾ– 7 ਅੰਕ (5) ਸਮੁੱਚਾ ਪ੍ਰਭਾਵ – 4 ਅੰਕ

## (7) ਚਿੱਤਰਕਲਾ

(ਇਹ ਮੁਕਾਬਲਾ ਤਿੰਨੇ ਵਰਗਾਂ ਲਈ ਖੇਤਰ-ਪੱਧਰ ਤੋਂ ਆਰੰਭ ਹੋਵੇਗਾ)

**I.** **ਸਮਾਂ :**

| | |
|---|---|
| (1) ਪਹਿਲਾ ਵਰਗ | 2 ਘੰਟੇ |
| (2) ਦੂਜੇ ਵਰਗ ਅਤੇ ਤੀਜੇ ਵਰਗ | 3 ਘੰਟੇ |

**II.** **ਸ਼ੀਟ ਦਾ ਆਕਾਰ –**

| | |
|---|---|
| ਪਹਿਲੇ ਵਰਗ ਲਈ – | 11 ਇੰਚ x 15 ਇੰਚ (1/4 ਇੰਪੀਰੀਅਲ ਸ਼ੀਟ) |
| ਦੂਜੇ ਅਤੇ ਤੀਜੇ ਵਰਗ ਲਈ | 20 ਇੰਚ x 15 ਇੰਚ (1/2) ਇੰਪੀਰੀਅਲ ਸ਼ੀਟ) |

ਸ਼ੀਟ ਦਾ ਸਾਈਜ਼ ਪੂਰਾ-ਪੂਰਾ ਉੱਪਰ ਦਿੱਤੇ ਅਨੁਸਾਰ ਹੋਣਾ ਜ਼ਰੂਰੀ ਹੈ । ਸ਼ੀਟ ਦਾ ਆਕਾਰ ਘੱਟ ਹੋਣ ਤੇ ਸ਼ੀਟ ਨੂੰ ਰੱਦ ਸਮਝਿਆ ਜਾਵੇਗਾ ।

**III.** ਚਿੱਤਰਕਲਾ, ਆਇਲ ਕਲਰ ਅਤੇ ਸਕੈੱਚ ਪੈਨੱ ਨੂੰ ਛੱਡ ਕੇ ਕਿਸੇ ਵੀ ਰੰਗ-ਮਾਧਿਅਮ ਵਿੱਚ ਕੀਤੀ ਜਾ ਸਕਦੀ ਹੈ ।

**IV.** ਚਿੱਤਰਕਾਰੀ ਦਾ ਸਾਮਾਨ ਜਿਵੇਂ ਡਰਾਇੰਗ ਬੋਰਡ, ਸ਼ੀਟ, ਬੁਰਸ਼ ਅਤੇ ਰੰਗ ਵਿਦਿਆਰਥੀ ਆਪ ਲੈ ਕੇ ਆਉਣਗੇ ।

**V.** ਜੱਜਮੈਂਟ ਲਈ ਮਾਪ- ਦੰਡ ਅਤੇ ਅੰਕ- ਵੰਡ :

(1) ਕਲਾ ਅਤੇ ਆਪਾ-ਪ੍ਰਗਟਾਅ - 5 ਅੰਕ (2) ਡਰਾਇੰਗ / ਕੰਪੋਜੀਸ਼ਨ - 10 ਅੰਕ
(3) ਰੰਗ ਯੋਜਨਾ - 5 ਅੰਕ (4) ਲਾਈਟ ਐਂਡ ਸ਼ੇਡ - 5 ਅੰਕ (5) ਸਮੁੱਚਾ ਪ੍ਰਭਾਵ - 5 ਅੰਕ

ਨੋਟ :- ਚਿੱਤਰਕਲਾ ਲਈ ਸ਼ੀਟ ਵਿਦਿਆਰਥੀ ਖੁਦ ਲੈ ਕੇ ਆਉਣਗੇ ।

## (8) ਆਮ-ਗਿਆਨ

(ਇਹ ਮੁਕਾਬਲਾ ਦੂਜੇ ਅਤੇ ਤੀਜੇ ਵਰਗ ਲਈ ਖੇਤਰ ਪੱਧਰ ਤੋਂ ਅਰੰਭ ਹੋਵੇਗਾ ।)

**I.** ਸਮਾਂ : 1 ਘੰਟਾ 30 ਮਿੰਟ

**II.** ਵਿਦਿਆਰਥੀ ਆਪਣੇ ਨਾਲ਼ ਕੇਵਲ ਗੱਤਾ ਅਤੇ ਕਾਲ਼ੀ ਸਿਆਹੀ ਵਾਲ਼ਾ ਬਾਲ-ਪੈਨੱ ਲੈ ਕੇ ਆਉਣਗੇ ।

**III.** ਆਮ-ਗਿਆਨ ਨਾਲ਼ ਸੰਬੰਧਤ ਪਰਚਾ ਯਥਾਰਥਿਕ ਰੂਪ (objective type) ਦਾ ਹੋਵੇਗਾ ਜਿਸ ਵਿੱਚ 100 ਪ੍ਰਸ਼ਨ ਹੋਣਗੇ।

**IV.** ਪ੍ਰਸ਼ਨ-ਪੱਤਰ ਵਿਚਲੇ 100 ਸਵਾਲਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ । ਹਰੇਕ ਪ੍ਰਸ਼ਨ ਲਈ ਇੱਕ ਅੰਕ ਨਿਰਧਾਰਿਤ ਹੈ :-

(1) ਸਮਾਜ ਵਿਗਿਆਨਕ ਵਿਸ਼ੇ/ਸੂਚਨਾ - 20 (2) ਸ਼ੁੱਧ ਵਿਗਿਆਨਕ ਵਿਸ਼ੇ/ਸੂਚਨਾ-20
(3) ਪੰਜਾਬ ਦਾ ਵਿਰਸਾ ਅਤੇ ਸੱਭਿਆਚਾਰ-20 (4) ਤਾਜ਼ਾ ਤਰੀਨ ਵਿਸ਼ੇ/ਸੂਚਨਾ - 20
(5) ਪੰਜਾਬ ਤੋਂ ਇਲਾਵਾ ਭਾਰਤ ਦੇ ਦੂਜੇ ਰਾਜਾਂ ਦਾ ਵਿਰਸਾ ਅਤੇ ਸੱਭਿਆਚਾਰ-20

**V.** ਵਿਦਿਆਰਥੀ ਨੂੰ ਹਰ ਸਵਾਲ ਦੇ ਦਿੱਤੇ ਚਾਰ ਉੱਤਰਾਂ ਵਿੱਚੋਂ ਇੱਕ ਨੂੰ ਜਿਸ ਨੂੰ ਉਹ ਸਹੀ ਸਮਝਦਾ ਹੈ, ਟਿੱਕ ਕਰਨਾ ਹੋਵੇਗਾ ।

**VI.** ਇਹ ਮੁਕਾਬਲਾ ਖੇਤਰ ਅਤੇ ਰਾਜ-ਪੱਧਰ 'ਤੇ ਹੀ ਕਰਵਾਏ ਜਾਣਗੇ ।

**VII.** ਇਸ ਮੁਕਾਬਲੇ ਲਈ ਹਰ ਸਕੂਲ ਵੱਧ ਤੋਂ ਵੱਧ ਇੱਕ ਵਿਦਿਆਰਥੀ ਹੀ ਭੇਜ ਸਕਦਾ ਹੈ ।

**VIII.** ਆਮ-ਗਿਆਨ ਦੀਆਂ ਉੱਤਰ-ਪੱਤਰੀਆਂ ਬੋਰਡ ਦੀ ਮਲਕੀਅਤ ਹੋਣਗੀਆਂ ।

**IX.** ਜਵਾਬ ਟਿੱਕ ਕਰਨ ਲਈ ਕੇਵਲ ਕਾਲ਼ੀ ਸਿਆਹੀ ਵਾਲ਼ਾ ਪੈਨੱ ਜਾਂ ਬਾਲ-ਪੈਨੱ ਹੀ ਇਸਤੇਮਾਲ ਕੀਤਾ ਜਾਵੇ।

**X.** ਜਵਾਬ ਦੇਣ ਲੱਗਿਆਂ, ਅੱਖਰ ਉ੍ਤੇ ਮੁੜ ਅੱਖਰ ਲਿਖਣ ਜਾਂ ਨਿਸ਼ਾਨੀ ਲਗਾਉਣ ਲੱਗਿਆਂ ਦੁਬਾਰਾ-ਦੁਬਾਰਾ ਨਿਸ਼ਾਨ ਲਗਾਉਣ 'ਤੇ ਉਹ ਉੱਤਰ ਰੱਦ ਮੰਨਿਆ ਜਾਵੇਗਾ ।

**XI.** ਸਵਾਲ ਦਾ ਜਵਾਬ ਦੇਣ ਲੱਗਿਆਂ ਪੂਰੀ ਤਰ੍ਹਾਂ ਸੋਚ ਕੇ ਲਿਖਿਆ ਜਾਵੇ । ਇੱਕ ਵਾਰ ਲਗਾਏ ਗਏ ਨਿਸ਼ਾਨ ਨੂੰ ਰਬੜ ਨਾਲ਼ ਜਾਂ ਕਿਸੇ ਵੀ ਵਸਤੂ ਨਾਲ਼ ਮਿਟਾਉਣ ਜਾਂ ਕਿਸੇ ਕਿਸਮ ਦੀ ਤਬਦੀਲੀ ਕਰਨ ਤੇ ਕੋਈ ਅੰਕ ਨਹੀਂ ਦਿੱਤਾ ਜਾਵੇਗਾ ਭਾਵ ਉੱਤਰ ਗ਼ਲਤ ਮੰਨਿਆ ਜਾਵੇਗਾ ।

**XII.** ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਪ੍ਰਸ਼ਨ-ਪੱਤਰ ਉ੍ਤੇ ਦਿੱਤੀਆਂ ਗਈਆਂ ਹਦਾਇਤਾਂ ਨੂੰ ਧਿਆਨ ਨਾਲ਼ ਪੜ੍ਹ ਲਿਆ ਜਾਵੇ ।

## (9) ਮੌਲਿਕ-ਲਿਖਤ

(ਇਹ ਮੁਕਾਬਲਾ ਖੇਤਰ ਪੱਧਰ 'ਤੇ ਕੇਵਲ ਤੀਜੇ ਵਰਗ ਦੇ ਵਿਦਿਆਰਥੀਆਂ ਲਈ ਹੀ ਹੈ)

**I.** ਸਮਾਂ : 1 ਘੰਟਾ

**II.** ਵਿਦਿਆਰਥੀ ਪੈਨੱ, ਕਾਗਜ਼, ਗੱਤਾ ਆਦਿ ਸਮਗਰੀ ਆਪਣੇ ਨਾਲ਼ ਲੈ ਕੇ ਆਉਣਗੇ ।

**III.** ਵਿਦਿਆਰਥੀਆਂ ਨੂੰ ਮੌਕੇ 'ਤੇ ਦੱਸੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ 'ਤੇ ਮੌਲਿਕ ਲਿਖਤ ਲਿਖਣੀ ਹੋਵੇਗੀ ।

**IV.** ਮੌਲਿਕ-ਲਿਖਤ ਸਾਹਿਤ ਦੇ ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ ਜਿਵੇਂ ਕਵਿਤਾ, ਕਹਾਣੀ, ਸੰਵਾਦ, ਯਾਤਰਾ, ਲੇਖ ਆਦਿ ।

**V.** ਲਿਖਤ ਦਾ ਮਾਧਿਅਮ ਪੰਜਾਬੀ / ਹਿੰਦੀ/ਅੰਗਰੇਜ਼ੀ/ਉਰਦੂ ਕੋਈ ਵੀ ਹੋ ਸਕਦਾ ਹੈ ।

**VI.** ਹਰ ਪੱਧਰ 'ਤੇ ਪ੍ਰਾਪਤ ਲਿਖਤਾਂ ਬੋਰਡ ਦੀ ਮਲਕੀਅਤ ਹੋਣਗੀਆਂ ਅਤੇ ਲੋੜ ਅਨੁਸਾਰ ਬੋਰਡ ਇਹਨਾਂ ਲਿਖਤਾਂ ਨੂੰ ਆਪਣੇ ਮੈਗਜ਼ੀਨਾਂ ਜਾਂ ਪਾਠ ਪੁਸਤਕਾਂ ਵਿੱਚ ਛਾਪ ਸਕਦਾ ਹੈ ਜਾਂ ਕਿਸੇ ਵੀ ਤਰੀਕੇ ਨਾਲ਼ ਵਰਤ ਸਕਦਾ ਹੈ ।

**VII. ਮਾਪ-ਦੰਡ ਅਤੇ ਅੰਕ-ਵੰਡ :**

(1) ਮੌਲਿਕਤਾ ਅਤੇ ਸਿਰਜਣਾਤਮਿਕਤਾ-8 ਅੰਕ (2) ਕਲਪਨਾ -7 ਅੰਕ

(3) ਪ੍ਰਗਟਾਵਾ - 7 ਅੰਕ (4) ਸਮੁੱਚਾ ਪ੍ਰਭਾਵ - 8 ਅੰਕ

ਕਲਪਨਾ ਤੋਂ ਭਾਵ ਵਿਚਾਰਾਂ ਦਾ ਨਵਾਂਪਣ, ਨਵੀਂ ਦ੍ਰਿਸ਼ਟੀ, ਨਵੀਂ ਵਿਆਖਿਆ, ਨਵੀਂ ਪਹੁੰਚ ਹੈ। ਪ੍ਰਗਟਾਵੇ ਅਧੀਨ ਕੇਵਲ ਸ਼ਬਦ ਜੋੜ ਹੀ ਨਹੀਂ ਸ਼ਬਦ ਚੋਣ, ਵਾਕ ਬਣਤਰ, ਮੁਹਾਵਰੇ, ਕਾਵਿਕ-ਅੰਸ਼, ਨਾਟਕੀ ਅੰਸ਼, ਕਹਾਣੀ ਅੰਸ਼, ਵਿਚਾਰਾਂ ਦੀ ਤਰਤੀਬ ਆਦਿ ਵੀ ਹੋਣਗੇ ।

## (10) ਲੋਕ-ਗੀਤ/ਗੀਤ

**I.** ਸਮਾਂ : 3 ਤੋਂ 5 ਮਿੰਟ (ਤਿੰਨੇ ਵਰਗਾਂ ਦੇ ਵਿਦਿਆਰਥੀਆਂ ਲਈ)

**II.** ਲੋਕ-ਗੀਤ/ਗੀਤ ਪੜ੍ਹ ਕੇ ਨਹੀਂ ਗਾਏ ਜਾਣਗੇ ।

**III.** ਲੋਕ-ਗੀਤ/ਗੀਤ ਦਾ ਮਾਧਿਅਮ ਪੰਜਾਬੀ/ਹਿੰਦੀ ਹੋ ਸਕਦਾ ਹੈ ।

**IV.** ਲੋਕ-ਗੀਤ/ਗੀਤ ਗਾਉਣ ਵਾਲ਼ਾ ਵਿਦਿਆਰਥੀ ਖਾਸ ਪਹਿਰਾਵਾ ਵੀ ਪਹਿਨ ਸਕਦਾ ਹੈ ।

**V.** ਲੋਕ-ਗੀਤ/ਗੀਤ ਗਾਉਣ ਵਾਲ਼ਾ ਵਿਦਿਆਰਥੀ ਇਕੱਲਾ ਹੀ ਹੋਵੇਗਾ । ਲੋਕ ਗੀਤ/ਗੀਤ ਰੀਕਾਰਡ ਵੀ ਹੋ ਸਕਦੇ ਹਨ ।

**VI.** ਲੋਕ-ਗੀਤਾਂ ਵਿੱਚ ਹਰਮੋਨੀਅਮ ਦੀ ਵਰਤੋਂ ਤੇ ਸਖ਼ਤ ਮਨਾਹੀ ਹੈ । ਇਹਨਾਂ ਵਿੱਚ ਤੂੰਬੀ, ਸਾਰੰਗੀ, ਅਲਗੋਜ਼ਾ, ਵੰਝਲੀ, ਤੂੰਬਾ, ਢੋਲਕੀ, ਘੜਾ, ਚਿਮਟਾ, ਡਫ਼ਲੀ ਆਦਿ ਭਾਵ ਲੋਕ-ਸਾਜ਼ਾਂ ਦੀ ਵਰਤੋਂ ਕੀਤੀ ਜਾਵੇ । ਗੀਤਾਂ ਵਿੱਚ ਕਿਸੇ ਵੀ ਸਾਜ਼ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ । ਇਹਨਾਂ ਵਿੱਚ ਸਾਜ਼ਾਂ 'ਤੇ ਕੋਈ ਪਾਬੰਦੀ ਨਹੀਂ ਹੈ । ਵੱਧ ਤੋਂ ਵੱਧ ਦੋ ਸਾਜ਼ਿੰਦੇ ਹੀ ਸਾਜ਼ ਵਜਾਉਣ ਲਈ ਗਾਇਕ ਦਾ ਸਾਥ ਦੇ ਸਕਦੇ ਹਨ ।

**VII.** ਲੋਕ-ਗੀਤ/ਗੀਤ ਦਾ ਸਮਾਂ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਨੋਟ ਕੀਤਾ ਜਾਵੇਗਾ, ਭਾਵ ਜੋ ਕੁਝ ਵੀ ਵਿਦਿਆਰਥੀ ਬੋਲਦਾ ਹੈ, ਸਮੇਂ ਦੀ ਹੱਦ( **Time Limit**) ਵਿੱਚ ਸ਼ਾਮਲ ਕੀਤਾ ਜਾਵੇਗਾ ।

(1) ਗੀਤ ਦੀ ਪੇਸ਼ਕਾਰੀ - 5 ਅੰਕ (2) ਲੈਅ ਤੇ ਆਵਾਜ਼- 10 ਅੰਕ (3) ਸ਼ੁੱਧ ਉਚਾਰਨ - 5 ਅੰਕ (4) ਸਾਜ਼ਾਂ ਨਾਲ਼ ਤਾਲਮੇਲ - 5 ਅੰਕ (5) ਸਮੁੱਚਾ ਪ੍ਰਭਾਵ- 5 ਅੰਕ

## 11. ਸੋਲੋ-ਡਾਂਸ

**(ਇਹ ਮੁਕਾਬਲਾ ਕੇਵਲ ਪਹਿਲੇ ਅਤੇ ਦੂਜੇ ਵਰਗ ਲਈ ਹੀ ਹੈ ।)**

I. ਸਮਾਂ : 3 ਤੋਂ 5 ਮਿੰਟ

